ਰਾਤ-ਕੁਲਹਿਣੀ

ਹਬੀਬ ਜਾਲਿਬ : ਜੀਵਨ ਤੇ ਸਿਰਜਣਾ

ਰਾਤ-ਕੁਲਹਿਣੀ

ਪਾਕਿਸਤਾਨੋਂ ਆਈਆਂ ਪੰਜਾਬੀ ਕਵਿਤਾਵਾਂ

ਹਬੀਬ ਜਾਲਿਬ



ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ

.....

by:

.....

Punjabi Translitration by:
Harbhajan Singh Hundal

ਪੰਜਾਬੀ ਰੂਪ
ਹਰਭਜਨ ਸਿੰਘ ਹੁੰਦਲ

ਪ੍ਰਕਾਸ਼ਕ
ਜਨਰਲ ਸਕੱਤਰ
ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

Rs. 100/-

Type Setting
Arman Graphics, Banga
Gagandeep #098888-98556

Published by :
PANJABI SAHITYA AKADEMI
Panjabi Bhawan, Ludhiana (INDIA)
Ph. : 0161-2400905
email : panjabibhawanludhiana@gmail.com
website : paldh.com

ਤਰਤੀਬ

ਆਦਿਕਾ ਗੁਰਭਜਨ ਗਿੱਲ

ਹਬੀਬ ਜਾਲਿਬ ਨੂੰ ਚੇਤੇ ਕਰਦਿਆਂ .....

ਅੰਨ੍ਹੇ ਵੇਲਿਆਂ ਦਾ ਸੁਜਾਖਾ ਕਵੀ : ਹਬੀਬ ਜਾਲਿਬ

ਅਫ਼ਜ਼ਲ ਤੌਸੀਫ਼

ਪਾਕਿਸਤਾਨੀ ਕਵੀ ਹਬੀਬ ਜਾਲਿਬ .....

ਸ਼ਰਧਾਂਜਲੀ .....

ਜਾਲਿਬ ਸਾਈਂ ਕਦੇ ਕਦਾਈਂ .....

ਵਿਛੜੇ ਦਿਲ ਵੀ ਮਿਲ ਸਕਦੇ ਨੇ .....

ਕੁਝ ਸ਼ਿਅਰ .....

ਰਾਤ-ਕੁਲਹਿਣੀ .....

ਜ਼ਿੰਦਾਨਾਂ ਦੇ ਦਰ ਨਹੀਂ ਖੁੱਲ੍ਹਦੇ .....

ਚੁੱਪ ਕਰ ਮੁੰਡਿਆ ਨਾ ਮੰਗ ਰੋਟੀਆਂ .....

ਏਧਰ ਘੋੜਾ, ਓਧਰ ਗਾਂ .....

ਬਾਜ਼ ਆ ਜਾਓ .....

ਧੀ ਕੰਮੀ ਦੀ .....

ਗੱਲ ਸੁਣ ਚੱਪਣਾ .....

ਬੂਟਾਂ ਦੀ ਸਰਕਾਰ .....

ਮਾਂ ਬੋਲੀ .....

ਇਕ ਮਜਬੂਰ ਔਰਤ ਦਾ ਗੀਤ .....

ਢੋਲ ਸਿਪਾਹੀ .....

ਕੋਈ ਨਾ ਜਾਣੇ ਵੱਲ ਪਿਆਰ ਦਾ .....

ਅਮਰੀਕਾ ਤੋਂ ਜੰਗ ਆਉਂਦੀ ਏ .....

ਜਸ਼ਨ ਮਨਾਓ .....

ਇੰਤਖ਼ਾਬ (ਚੋਣਾਂ) .....

ਬਾਬਾ .....

ਵਤਨੋਂ ਦੂਰ .....

ਝੁਕੇ ਨਾ ਇਹ ਲਹੂ ਰੰਗਿਆ ਪਰਚਮ .....

ਮੀਆਂ ਅਬਦੁੱਲਾ ਖਾਲਕ .....

ਕੁੜੇ .....

ਉਸਤਾਦ ਦਾਮਨ .....

ਇਕ ਸ਼ਾਹ-ਏ-ਸੁਖ਼ਨ .....

ਇਸ ਦੁਨੀਆਂ ਦੇ ਕੀ ਰਹਿਣਾ .....

ਜਿੰਦ ਵਾਂਗ ਸ਼ਮ੍ਹਾਂ ਦੇ .....

ਬਾਜ਼ ਜ਼ੁਲਮ ਤੋਂ ਆ .....

ਜੱਗ ਦਿਆ ਮਾਲਕਾਂ .....

ਬਿਨ ਠੱਗੀਆਂ ਇਸ ਦੁਨੀਆਂ ਅੰਦਰ .....

ਦੀਨ ਪੈਸਾ - ਈਮਾਨ ਪੈਸਾ .....

ਤਨ ਦੇ ਉਜਲੇ ਮਨ ਦੇ ਮੈਲੇ .....

ਕੋਈ ਖੋਹ ਲਵੇਗਾ ਰਾਤਾਂ ਦੀਆਂ ਨੀਂਦਰਾਂ .....

ਕਰਕੇ ਲੀਰਾਂ ਲੀਰਾਂ ਹੂ .....

ਇਸ਼ਕ ਦ ਪਾਉਣ ਅਸਾਂ ਜੱਲੀ .....

ਤੌਬਾ ਤੌਬਾ .....

ਰਾਤਾਂ ਨੇ ਬਣਾਇਆ ਸਾਨੂੰ .....

ਪਿਆਰ ਦਿਆਂ ਡੰਗਿਆਂ ਨੂੰ .....

ਨਾਲ ਇਸ਼ਕ ਦੇ .....

ਜ਼ੁਲਮ ਨਹੀਂ ਰਹਿਣਾ ਬਾਕੀ .....

ਸਦੀਆਂ ਤੋਂ ਲੱਗਾ ਏ ਬਜ਼ਾਰ ਵੇਖ ਲੈ .....

ਜ਼ਿੰਦਾਨਾਂ ਦੇ ਦਰ ਨਹੀਂ ਖੁੱਲ੍ਹਦੇ .....

ਕੁਰਸੀ .....

ਆਪਣੀ ਧੀ ਨੂੰ .....

ਸੜਕ ਵਿਚਕਾਰ .....

ਸੱਚ ਹੀ ਲਿਖਦੇ ਜਾਣਾ .....

ਦਿਲ ਦੀ ਗੱਲ ਲਿਆ ਕੇ ਮੂੰਹ ਤੇ .....

ਕੁਝ ਉਰਦੂ ਨਜ਼ਮਾਂ/ਗ਼ਜ਼ਲਾਂ .....

ਆਦਿਕਾ

ਹਬੀਬ ਜਾਲਿਬ ਸਿਰਫ਼ ਪਾਕਿਸਤਾਨ ਦਾ ਹੀ ਨਹੀਂ ਸਗੋਂ ਸਾਡੀ ਸਾਂਝੀ ਸਭਿਆਚਾਰਕ ਵਿਰਾਸਤ ਦਾ ਕਵੀ ਸੀ। ਬਲਕਿ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਹ ਸਿਰਫ਼ ਕਵੀ ਹੀ ਨਹੀਂ ਕਵਿਤਾ ਦੀ ਅਮਲੀ ਹੋਂਦ ਨੂੰ ਪ੍ਰਸਾਰਨ ਵਾਲੀ ਹਸਤੀ ਸੀ। ਉਸਦੀ ਕਵਿਤਾ ਆਜ਼ਾਦੀ ਲਈ ਤਾਂਘਦੇ, ਪੀੜਤ ਅਤੇ ਦਮਿਤ ਲੋਕਾਂ ਦੀ ਆਵਾਜ਼ ਹੈ। 24 ਮਾਰਚ 1928 ਨੂੰ ਪਿੰਡ ਮਿਆਣੀ ਅਫ਼ਗਾਨਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪੈਦਾ ਹੋਇਆ ਹਬੀਬ ਜਾਲਿਬ 12 ਮਾਰਚ 1993 ਨੂੰ 64 ਸਾਲ ਦੀ ਹਯਾਤੀ ਭੋਗ ਕੇ ਇਸ ਦੁਨੀਆਂ ਤੋਂ ਵਿਦਾ ਹੋਇਆ। ਹਬੀਬ ਜਾਲਿਬ 'ਸਿਰਫ਼ ਕਵੀ' ਹੋਣ ਦੇ ਆਪਣੇ ਫ਼ਰਜ਼ ਨਾਲ ਸਾਰੀ ਉਮਰ ਕਸ਼ਮਕਸ਼ ਵਿਚ ਰਿਹਾ। ਇਸ ਲਈ ਉਸਨੇ ਸਮਾਜਿਕ ਅਤੇ ਰਾਜਸੀ ਲਹਿਰਾਂ ਦੇ ਸਰਗਰਮ ਕਾਰਕੁੰਨ ਵਜੋਂ ਜ਼ਿਕਰਯੋਗ ਭੂਮਿਕਾ ਨਿਭਾਈ। ਉਹ ਪ੍ਰਗਤੀਸ਼ੀਲ ਲੇਖਕ ਸੰਘ ਦੀ ਵਿਚਾਰਧਾਰਾ ਦਾ ਸਮਰਥਕ ਸੀ। 1947 ਦੀ ਦੇਸ਼ ਵੰਡ ਨਾਲ ਸੰਸਾਰ ਵਿਚ ਸਮਾਨਤਾ ਦਾ ਸੁਪਨਾ ਦੇਖਣ ਵਾਲੀ ਇਹ ਵਿਚਾਰਧਾਰਾ ਬੁਰੀ ਤਰ੍ਹਾਂ ਜ਼ਖ਼ਮੀ ਹੋਈ। ਹਬੀਬ ਦੀ ਸ਼ਾਇਰੀ ਵਿਚ ਦੀ ਦੇਸ਼ ਵੰਡ ਪ੍ਰਤੀ ਦੁੱਖ ਦੇ ਰੋਸੇ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਹੈ। ਉਹ ਵੰਡ ਸਮੇਂ ਜਬਰੀ ਪਾਕਿਸਤਾਨ ਵਿਚ ਧੱਕ ਦਿੱਤੇ ਗਏ ਲੋਕਾਂ ਵਿਚੋਂ ਸੀ। ਉਥੇ ਜਾ ਕੇ ਉਸਨੇ ਰੋਜ਼ਾਨਾ ਇਮਰੋਜ਼ ਵਿਚ ਪਰੂਫ਼ ਰੀਡਰੀ ਆਰੰਭ ਕੀਤੀ ਅਤੇ ਸ਼ਾਇਰ ਦੇ ਤੌਰ 'ਤੇ ਆਪਣੀ ਪਛਾਣ ਸਥਾਪਤ ਕਰਨੀ ਆਰੰਭ ਕੀਤੀ।

ਮੂਲ ਰੂਪ ਵਿਚ ਭਾਵੇਂ ਉਹ ਉਰਦੂ ਦਾ ਸ਼ਾਇਰ ਸੀ, ਪਰ ਮਾਂ-ਬੋਲੀ ਪੰਜਾਬੀ ਵਿਚ ਵੀ ਉਸਨੇ ਕਾਫ਼ੀ ਰਚਨਾ ਕੀਤੀ। ਹਬੀਬ ਜਾਲਿਬ ਦਾ ਜ਼ਿਕਰ ਫ਼ੈਜ ਅਹਿਮਦ ਫ਼ੈਜ਼, ਮੁਨੀਰ ਨਿਆਜ਼ੀ ਅਤੇ ਅਹਿਮਦ ਰਾਹੀਂ ਦੀ ਮਾਨਵ ਹਿਤੈਸ਼ੀ ਸ਼ਾਇਰੀ-ਪਰੰਪਰਾ ਨੂੰ ਅਗਾਂਹ ਤੋਰਨ ਵਾਲੇ ਰਚਨਾਕਾਰ ਵਜੋਂ ਹੁੰਦਾ ਹੈ। ਅਲੀ ਸਰਦਾਰ ਜਾਫ਼ਰੀ ਨੇ ਉਸਨੂੰ ਫ਼ੈਜ਼ ਦੀ ਗਹਿਰ-ਗੰਭੀਰ, ਸੁਹਜਵੰਤੀ ਦਾਰਸ਼ਨਿਕ ਸ਼ਾਇਰੀ ਦੇ ਮੁਕਾਬਲੇ ਖੜਕਵੇਂ ਬੋਲਾਂ ਦਾ ਬੁਲੰਦੀ ਦਾ ਸ਼ਾਇਰ ਕਿਹਾ। ਪਾਕਿਸਤਾਨ ਦੇ ਹੋਂਦ ਵਿਚ ਆਉਣ ਸਮੇਂ ਤੋਂ ਉਥੋਂ ਦੀ ਸਮਾਜਿਕ ਦਸ਼ਾ ਵਿਚ ਤਿੰਨ ਤਰ੍ਹਾਂ ਦੀਆਂ ਪ੍ਰਤੀ ਧੁਨੀਆਂ ਭਾਰੂ ਰਹੀਆਂ ਹਨ। ਪਹਿਲੀ ਆਵਾਜ਼ ਪਾਕਿਸਤਾਨੀ ਰਾਜ ਨੂੰ ਇਸਲਾਮੀ ਕੱਟੜਸ਼ਾਹੀ ਦੀ ਤਰਜ਼ ਤੇ ਉਸਾਰਨ ਦੀ ਇੱਛਾ ਰੱਖਦੀ ਸੀ, ਦੂਜੀ ਲੋਕਤੰਤਰੀ ਕੀਮਤਾਂ ਦੇ ਅਨੁਸਾਰ ਪਾਕਿਸਤਾਨੀ ਰਾਜ ਦਾ ਢਾਂਚਾ ਤਿਆਰ ਕਰਨ ਦੇ ਹੱਕ ਵਿਚ ਸੀ। ਇਹ ਦੋਵੇਂ ਪੱਖ ਪਾਕਿਸਤਾਨ ਦੇ ਇਤਿਹਾਸ ਦੀ ਲੰਮੀ ਜਦੋ-ਜਹਿਦ ਵਿਚ ਪੈਂਦੇ ਹਨ। ਤੀਸਰੀ ਆਵਾਜ਼ ਇਸ ਦੇਸ਼ ਨੂੰ ਸੰਸਾਰ ਸਮਾਜਵਾਦ ਦੇ ਇਕ ਅੰਗ ਵਜੋਂ ਵਿਕਸਿਤ ਕਰਨਾ ਚਾਹੁੰਦੀ ਸੀ। ਹਬੀਬ ਜਾਲਿਬ ਇਸੇ ਆਵਾਜ਼ ਦਾ ਸਮਰਥਕ ਸੀ। ਉਹ ਪਾਕਿਸਤਾਨ ਦੀ ਤਰੱਕੀ ਪਸੰਦ ਪਾਰਟੀ ਦਾ ਮੈਂਬਰ ਸੀ ਤੇ ਇਸੇ ਆਵਾਜ਼ ਦਾ ਸਮਰਥਕ ਸੀ। ਇਸੇ ਰਾਜਸੀ ਵਿਚਾਰਧਾਰਾ ਕਰਕੇ ਉਸਦੀ ਸ਼ਾਇਰੀ ਤਾਨਾਸ਼ਾਹੀ ਜਬਰ ਨਾਲ ਸਿੱਧਾ ਦਸਤਪੰਜਾ ਵੀ ਲੈਂਦਾ ਰਹੀ। 1954 ਵਿਚ ਪਾਕਿਸਤਾਨੀ ਕਮਿਊਨਿਸਟ ਪਾਰਟੀ ਤੇ ਪਾਬੰਦੀ ਲੱਗਣ ਨਾਲ ਉਸਦੀ ਸ਼ਾਇਰੀ ਹੋਰ ਰੋਹ ਵਾਲੀ ਹੋ ਗਈ। ਫ਼ਲਸਰੂਪ ਅਯੂਬ ਖਾਨ ਦੀ ਤਾਨਾਸ਼ਾਹੀ ਸੱਤਾ ਨੇ ਹਬੀਬ ਜਾਲਿਬ ਨੂੰ ਜੇਲ੍ਹ ਵਿਚ ਸੁੱਟ ਦਿੱਤਾ। ਫਿਰ ਵਿਰੋਧ ਤੇ ਜਬਰ ਦਾ ਇਹ ਸਿਲਸਿਲਾ ਸਾਰੀ ਉਮਰ ਹਬੀਬ ਜਾਲਿਬ ਨਾਲ ਜੁੜ ਗਿਆ। ਇਸ ਸਾਰੇ ਪ੍ਰਸੰਗ ਵਿਚ ਹਬੀਬ ਜਾਲਿਬ ਦੀ ਸ਼ਾਇਰੀ ਲਗਾਤਾਰ ਇਕ ਹਥਿਆਰ ਵਾਂਗ ਜ਼ੁਲਮ ਤੇ ਲੁੱਟ ਦੇ ਖ਼ਿਲਾਫ਼ ਅਤੇ ਸਾਧਾਰਣ ਲੋਕਾਈ ਦੇ ਹੱਕ ਵਿਚ ਕਾਰਜਸ਼ੀਲ ਰਹੀ।

ਲੋਕਾਂ ਦੇ ਵੱਡੇ ਵਰਗ ਦੀ ਭਾਵਨਾਤਮਕ ਪ੍ਰਤਨਿਧਤਾ ਉਸਦੀ ਸ਼ਾਇਰੀ ਦਾ ਭਾਰੂ ਸਰੋਕਾਰ ਹੈ। ਇਸ ਸ਼ਾਇਰੀ ਵਿਚ ਵਿਰੋਧ, ਨਾਬਰੀ ਅਤੇ ਪ੍ਰਚੰਡਤਾ ਦੀ ਸੁਰ ਭਾਰੂ ਹੈ, ਇਸ ਲਈ ਹਬੀਬ ਜਾਲਿਬ ਸ਼ਾਬਦਿਕ ਓਹਲਾ ਨਹੀਂ ਕਰਦਾ ਸਿੱਧੇ ਤੇ ਤਿੱਖੇ ਅੰਦਾਜ਼ ਵਿਚ ਆਪਣੀ ਗੱਲ ਕਹਿੰਦਾ ਹੈ:-

ਜਿੰਨਾ ਵੀ ਤੂੰ ਜ਼ੁਲਮ ਕਰੇਂਗਾ, ਅੱਜ ਅਸਾਂ ਸਹਿ ਜਾਣਾ।
ਭਾਵੇਂ ਤੂੰ ਸੂਲੀ ਤੇ ਟੰਗਦੇ, ਸੱਚ ਅਸਾਂ ਕਹਿ ਜਾਣਾ।
ਮੌਤ ਜ਼ਿੰਦਗੀ ਹੱਥ ਨਹੀਂ ਤੇਰੇ, ਤੂੰ ਕੀ ਖੋਹਣੇ ਸਾਹ।
ਬਾਜ਼ ਜ਼ੁਲਮ ਤੋਂ ਆ, ਜ਼ਾਲਮਾ ਬਾਜ਼ ਜ਼ੁਲਮ ਤੋਂ ਆ।

ਹਬੀਬ ਜਾਲਿਬ ਜਿਸ ਰਾਜਸੀ ਨਜ਼ਰੀਏ ਤੋਂ ਪਾਕਿਸਤਾਨੀ ਰਾਜ-ਪ੍ਰਬੰਧ ਨੂੰ ਦੇਖ ਰਿਹਾ ਸੀ, ਉਸ ਵਿਚ ਦੱਖਣੀ ਏਸ਼ੀਆਈ ਖਿੱਤੇ ਵਿਚ ਸੰਸਾਰ ਦੇ ਆਰਥਿਕ ਧਰੁਵਾਂ ਵਿਚ ਜਾਰੀ 'ਠੰਡੀ ਜੰਗ' ਦੇ ਪ੍ਰਭਾਵ ਸਪਸ਼ਟ ਸਨ। ਅਮਰੀਕੀ ਸਾਮਰਾਜ ਰੂਸ ਦੇ ਖ਼ਿਲਾਫ਼ ਮੁਹਿੰਮ ਦੇ ਤਹਿਤ ਸੰਸਾਰ ਦੇ ਵਿਭਿੰਨ ਦੇਸ਼ਾਂ ਨੂੰ ਵਰਤ ਰਿਹਾ ਸੀ। ਹਬੀਬ ਜਾਲਿਬ ਪਾਕਿਸਤਾਨ ਉੱਪਰ ਠੋਸੀ ਤਾਨਾਸ਼ਾਹੀ, ਜੰਗਾਂ ਅਤੇ ਲੋਕਾਂ ਦੀ ਬੁਰੀ ਦਸ਼ਾ ਲਈ ਇਸ ਆਰਥਿਕ ਵਰਤਾਰੇ ਨੂੰ ਵਿਸ਼ੇਸ਼ ਤੌਰ ਤੇ ਜ਼ਿੰਮੇਵਾਰ ਠਹਿਰਾਉਂਦਾ ਹੈ। ਪਾਕਿਸਤਾਨੀ ਆਵਾਮ ਵਿਚ ਧਾਰਮਿਕ ਤਅੱਸਬ ਤੇ ਥੋਪੀਆਂ ਜੰਗਾਂ ਸੰਬੰਧੀ ਉਹ ਅਮਰੀਕਾ ਉੱਪਰ ਹੱਦੋ-ਵੱਧ ਨਿਰਭਰਤਾ ਦੇ ਸਮਾਜ-ਇਤਿਹਾਸਕ ਤੱਥ ਨੂੰ ਕਾਵਿ-ਕਾਰੀ ਦਾ ਵਿਸ਼ਾ ਬਣਾਉਂਦਾ ਹੈ:-

ਅਮਰੀਕਾ ਤੋਂ ਜੰਗ ਆਉਂਦੀ ਏ
ਭੁੱਖ ਆਉਂਦੀ ਏ ਨੰਗ ਆਉਂਦੀ ਏ
ਰੋਟੀ, ਕੱਪੜਾ, ਛੱਤ ਨਹੀਂ ਆਉਂਦੀ
ਚਿਹਰਿਆਂ ਉੱਤੇ ਰੱਤ ਨਹੀਂ ਆਉਂਦੀ
ਤਾਪ ਆਉਂਦਾ ਏ, ਖੰਘ ਆਉਂਦੀ ਏ।

ਸਾਰੀ ਉਮਰ ਜਬਰ-ਜ਼ੁਲਮ ਅੱਗੇ ਗੋਡੇ ਨਾ ਟੇਕਣ ਵਾਲਾ ਇਹ ਸ਼ਾਇਰ 12 ਮਾਰਚ 1993 ਨੂੰ ਇਸ ਫ਼ਾਨੀ ਸੰਸਾਰ ਤੋਂ ਵਿਦਾ ਹੋਇਆ। ਹਬੀਬ ਜਾਲਿਬ ਦੀ ਸ਼ਾਇਰੀ ਅਤੇ ਸ਼ਖ਼ਸੀਅਤ ਜਬਰ ਖ਼ਿਲਾਫ਼ ਜੂਝਦੇ ਲੋਕਾਂ ਲਈ ਇਕ ਪ੍ਰੇਰਨਾ ਸਰੋਤ ਵਜੋਂ ਹਮੇਸ਼ਾਂ ਕਾਇਮ ਰਹੇਗੀ। ਉਸਦੀ ਚੋਣਵੀਂ ਪੰਜਾਬੀ ਕਵਿਤਾ ਦਾ ਗੁਰਮੁਖੀ ਅੱਖਰਾਂ ਵਿਚ ਛਾਪਣਾ ਪੂਰਬੀ ਪੰਜਾਬ ਦੇ ਪਾਠਕਾਂ ਲਈ ਇਹ ਸ਼ੁਭ-ਸ਼ਗਨ ਹੈ।

ਯੇ ਅੰਦਾਜ਼ ਹੈ ਹੁਸਨੇ ਆਵਾਰਗੀ ਕਾ,
ਜਹਾਂ ਭੀ ਗਏ ਦਾਸਤਾਂ ਛੋੜ ਆਏ।

ਮੈਨੂੰ ਇਸ ਗੱਲ ਤੇ ਅਤਿਅੰਤ ਪ੍ਰਸੰਨਤਾ ਹੈ ਕਿ ਮੇਰੀ ਜ਼ੁਬਾਨਾਂ ਦੇ ਮੁਹਤਇਬ ਸ਼ਾਇਰ ਕਰਮਸ਼ੀਲ ਤੇ ਹਠੀਲੇ ਖੋਜ਼ਕਾਰ ਸ. ਹਰਭਜਨ ਸਿੰਘ ਹੁੰਦਲ ਜੀ ਨੇ ਇਸ ਦਾ ਲਿਪੀਅੰਤਰ ਤੇ ਸੰਪਾਦਨ ਕਰਕੇ ਪੰਜਾਬੀ ਸਾਹਿਬ ਅਕੈਡਮੀ ਨੂੰ ਪ੍ਰਕਾਸ਼ਨ ਅਧਿਕਾਰ ਦਿੱਤੇ ਹਨ। ਇਸ ਨਾਲ ਅਸੀਂ ਪੰਜਾਬੀ ਸਾਹਿਤ ਅਕਾਡਮੀ ਦੇ ਆਸ਼ੇ ਤੇ ਉਦੇਸ਼ ਦੀ ਪੂਰਤੀ ਕਰਨ ਵਿਚ ਸਫ਼ਲ ਹੋਏ ਹਾਂ। ਇਹ ਮੇਰਾ ਵਿਸ਼ਵਾਸ ਹੈ। ਹੁੰਦਲ ਜੀ ਦਾ ਧੰਨਵਾਦ ਕਰਨ ਦੇ ਨਾਲ ਨਾਲ ਮੈਂ ਇਸ ਦੇ ਪ੍ਰਕਾਸ਼ਨ ਲਈ ਪਾਕਿਸਤਾਨੀ ਲੇਖਕ ਅਫ਼ਜ਼ਲ ਤੌਸੀਫ਼ ਤੇ ਹਬੀਬ ਜਾਲਿਬ, ਸਈਦ ਪ੍ਰਵੇਜ਼ ਕਰਾਚੀ ਅਤੇ ਹੋਰ ਸਹਿਯੋਗੀ ਧਿਰਾਂ ਦਾ ਵੀ ਸ਼ੁਕਰੀਆ ਅਦਾ ਕਰਦਾ ਹਾਂ।

ਉਮੀਦ ਹੈ ਸੂਰਮੇ ਕਵੀ ਦੀਆਂ ਲਿਖਤਾਂ ਨੂੰ ਪੰਜਾਬੀ ਪਿਆਰੇ ਉਤਸ਼ਾਹ ਨਾਲ ਪੜ੍ਹਨਗੇ।

-ਗੁਰਭਜਨ ਗਿੱਲ

ਹਬੀਬ ਜਾਲਿਬ ਨੂੰ ਚੇਤੇ ਕਰਦਿਆਂ

ਅੱਜ ਤੋਂ ਤੀਹ ਸਾਲ ਪਹਿਲਾਂ ਗੁਰਦਵਾਰਿਆਂ ਦੀ ਯਾਤਰਾ ਦੇ ਪੱਜ ਲਾਹੌਰ ਜਾਣ ਦਾ ਮੌਕਾ ਮਿਲਿਆ। ਇਕ ਦਿਨ ਵਾਈ ਐਮ.ਸੀ.ਏ. ਹਾਲ ਵਿਚ 'ਅਦਬੀ ਸੰਗਤ' ਦੀ ਮੀਟਿੰਗ ਸੀ, ਜਿਸ ਵਿਚ ਅਹਿਮਦ ਸਲੀਮ, ਸਲੀਮ ਜਹਾਂਗੀਰ ਹਸਨ ਇਰਾਫ਼ੀ ਤੇ ਹਬੀਬ ਜਾਲਿਬ ਨਾਲ ਮੁਲਾਕਾਤ ਹੋਈ ਸੀ। ਖੱਦਰ ਦਾ ਚਿੱਟਾ ਕੁਰਤਾ, ਪਜਾਮਾ ਪਈ ਜਾਲਿਬ ਸਹਿਜੇ ਹੀ ਪਛਾਣਿਆ ਜਾ ਸਕਦਾ ਸੀ। ਫੌਜੀ ਰਾਜ ਦੇ ਵਿਰੁੱਧ ਤੇ ਜਮਹੂਰੀਅਤ ਦੀ ਸਥਾਪਨਾ ਲਈ, ਦੋ ਸਾਲ ਪਹਿਲਾਂ ਚੱਲੇ ਸੰਘਰਸ਼ ਵਿਚ, ਜਾਲਿਬ ਦੀ ਸ਼ਾਇਰੀ ਲੋਕਾਂ ਦੇ ਨਾਲ ਨਾਲ ਹੋ ਕੇ ਲੜੀ ਸੀ। ਉਸ ਦੇ ਕਾਵਿ-ਸੰਗ੍ਰਹਿ, 'ਸਰੇ-ਮਕਤਲ' ਦੇ ਇਕ ਮਹੀਨੇ, ਵਿਚ ਚਾਰ ਐਡੀਸ਼ਨ ਛਪੇ ਸਨ ਤੇ ਹਾਜ਼ਰ ਮਿੱਤਰਾਂ ਦੇ ਮੂੰਹਾਂ ਤੇ ਜਾਲਿਬ ਦੀ ਸ਼ਾਇਰੀ ਦੇ ਚਰਚੇ ਸਨ। ਉਸੇ ਹੀ ਮਹਿਫ਼ਿਲ ਵਿਚ ਜਾਲਿਬ ਨੇ ਆਪਣੀਆਂ ਦੋ ਪੰਜਾਬੀ ਰਚਨਾਵਾਂ ਸੁਣਾਈਆਂ ਸਨ। ਉਸੇ ਹੀ ਮਹਿਫ਼ਿਲ ਵਿਚ ਜਾਲਿਬ ਨੇ ਆਪਣੀਆਂ ਦੋ ਪੰਜਾਬੀ ਰਚਨਾਵਾਂ ਸੁਣਾਈਆਂ ਸਨ। ਇਕ ਗ਼ਜ਼ਲ ਤੇ ਦੂਸਰੀ ਨਜ਼ਮ।

ÜÅÇñì ÂÄ, ðç¶ ðçÅÂÄ Ú¿× ×¾ñ ðÇÔ ÜçÅ Â¶Í
ñ¾Ö êÈÜ¯, Ú ó · ç¶ ÈðÜ ù ú ó ð ÇÂÔ ñÇÔ ÜçÅ þÍ

'ਕੰਮੀ ਦੀ ਧੀ' ਨਜ਼ਮ ਵੀ ਅਜੇ ਤੀਕ ਭੁੱਲੀ ਨਹੀਂ। ਉਸ਼ ਦੀਆਂ ਕੁਝ ਸਤਰਾਂ ਇੰਝ ਸਨ।

è ðç¿îÄ ç ò¾â¶ ð ÇòÚ
ì¹¾åÁ ððç
Ô¿ÞÈ êÄç, Ô¹ð¶ íðç
ì¹ã¶ ÖÅé çÅ Ô¹¾ÅÅ
Ççé ÇòÚ ½ ½ òÅð, åÅ÷Å ððç
í ç ×¯ñ, í å¯ âðç Í
éÅ ¹Ô Ü¹ç, éÅ ¹Ô îðç Í

Ü¶ Ö¿îÄ é¶ Çê³â ÇòÚ ðÇÔäÅ
Çëð ÇÂÔ í Ö¹Þ ÖðéÅ êËäÅÍ

ਇਸ ਯਾਤਰਾ ਸਮੇਂ ਬਣੇ ਸੰਪਰਕ, ਵਰ੍ਹਿਆਂ ਤੇ ਬੀਤਣ ਨਾਲ, ਹੋਰ ਪੱਕੇਰੇ ਹੁੰਦੇ ਗਏ ਤੇ ਆਪਣੇ 'ਪਿਛਲੇ ਪਿੰਡ' ਨੂੰ ਵੇਖਣ ਦੀ ਤਾਂਘ ਦਿਨੋਂ ਦਿਨ ਵਧੇਰੇ ਪ੍ਰਬਲ ਹੁੰਦੀ ਗਈ। ਕਦੇ ਕਦੇ ਕਿਸੇ ਦੋਸਤ-ਮਿੱਤਰ ਦੇ ਹੱਥ, ਜਦੋਂ ਵਾਹਘੇ ਪਾਰ ਤੋਂ ਕੋਈ ਸੁੱਖ-ਸੁਨੇਹੜਾ ਆਉਂਦਾ ਤਾਂ ਹਬੀਬ ਜਾਲਿਬ ਦੇ ਨਾਂ ਦਾ ਜ਼ਿਕਰ ਵੀ ਅਵੱਸ਼ ਛਿੜਦਾ। ਪਾਕਿਸਤਾਨ ਵਿਚ ਫੌਜੀ ਰਾਜ ਜਿਵੇਂ ਪੱਕੀ ਤਰ੍ਹਾਂ ਨਾਲ ਲੋਕਾਂ ਦੇ ਨਿਤਾ-ਪ੍ਰਤੀ ਜੀਵਨ ਦਾ ਹਿੱਸਾ ਬਣ ਗਿਆ ਹੋਵੇ। ਪਰ ਇਸ ਤਾਨਾਸ਼ਾਹੀ ਦਾ ਸਿਰਜਣਾਤਮਿਕ ਤੌਰ ਤੇ ਵਿਰੋਧ ਕਰਨ ਵਾਲਿਆਂ ਵਿਚ, ਹੋਰ ਅਦੀਬਾਂ ਨਾਲ ਨਾਲ ਜਾਲਿਬ ਦਾ ਵਿਸ਼ੇਸ਼ ਜ਼ਿਕਰ ਚਲਦਾ। ਉਹ ਉਰਦੂ ਦੀ ਤਰੱਕੀ ਪਸੰਦ ਅਦਬੀ ਲਹਿਰ ਦੀਆਂ ਨਰੋਈਆਂ ਰਵਾਇਤਾਂ ਨੂੰ ਬਦਲਦੇ ਪ੍ਰਸੰਗਾਂ ਵਿਚ ਅੱਗੇ ਤੋਰਦਾ ਹੋਇਆ ਮੋਹਰਲੀਆਂ ਸਫ਼ਾਂ ਵਿਚ ਆ ਖਲੋਤਾ ਸੀ ਤੇ ਫਿਰ ਨਜ਼ਰਬੰਦੀਆਂ ਦਾ ਅਟੁੱਟ ਸਿਲਸਿਲਾ। ਜਾਲਿਬ ਦੀ ਸ਼ਕਤੀਸ਼ਾਲੀ ਆਵਾਜ਼ ਦਿਨੋਂ ਦਿਨ ਹੋਰ ਵਧੇਰੇ ਜ਼ੋਰਦਾਰ, ਉੱਚੀ ਤੇ ਬੇਖ਼ੌਫ਼ ਹੁੰਦੀ ਗਈ। ਆਤਮ-ਪ੍ਰਗਟਾਵੇ ਦੀ ਆਜ਼ਾਦੀ ਦੇ ਨਾਲ ਨਾਲ ਜੁਰਅਤ ਨਾਲ ਗੱਲ ਕਰਨ ਦੇ ਸਿੱਟੇ ਵਜੋਂ ਜੇਲ੍ਹ ਦੀ ਕਾਲ-ਕੋਠੜੀ ਜਾਲਿਬ ਦਾ ਪੱਕਾ ਘਰ ਬਣ ਗਈ। ਪਰ ਬੰਦੀ-ਜੀਵਨ ਦੀਆਂ ਦੁਸ਼ਵਾਰੀਆਂ ਲੋਕਾਂ ਦੇ ਹਬੀਬ (ਮਿੱਤਰ) ਨੂੰ ਥਿੜਕਾ ਨਾ ਸਕੀਆਂ ਤੇ ਫ਼ੈਜ਼ ਤੋਂ ਬਾਅਦ ਜਾਲਿਬ ਲੋਕਾਂ ਦਾ ਮਸੀਹਾ ਬਣ ਅਦਬ ਦੇ ਅਸਮਾਨ ਦਾ ਚਮਕਦਾ ਸਿਤਾਰਾ ਬਣ ਗਿਆ। ਸਰਲ ਸਾਦਾ, ਪਰ ਸਪਸ਼ਟ ਆਵਾਜ਼ ਵਿਚ ਸਮੇਂ ਦੇ ਸੱਚ ਨੂੰ ਨਿਰਭੈ ਹੋ ਕੇ ਪੇਸ਼ ਕਰਦੇ ਕਰਦੇ ਜਾਲਿਬ, ਅਵਾਮ ਦੀਆਂ ਅੱਖਾਂ ਦਾ ਤਾਰਾ ਬਣ ਗਿਆ।

ਜਾਲਿਬ 1928 ਵਿਚ ਮਿਆਣੀ ਅਫ਼ਗਾਨਾਂ ਜ਼ਿਲ੍ਹਾ ਹੁਸ਼ਿਆਰਪੁਰ ਜੰਮਿਆ ਤੇ ਮਿਡਲ ਤੀਕ ਪਿੰਡੋਂ ਪੜ੍ਹ ਕੇ ਵੱਡੇ ਭਰਾ ਕੋਲ ਦਿੱਲੀ ਚਲਾ ਗਿਆ, ਜਿਥੋਂ ਉਹ ਦੇਸ਼ ਦੀ ਤਕਸੀਮ ਉਪਰੰਤ ਪਹਿਲਾਂ ਕਰਾਚੀ ਤੇ ਫਿਰ ਲਾਹੌਰ ਜਾ ਵੱਸਿਆ। ਦਿੱਲੀ ਪੜ੍ਹਦਿਆਂ ਉਸ ਵਿਚ ਕਵਿਤਾ ਦੇ ਬੀਜ ਪੁੰਗਰਨ ਲੱਗ ਪਏ ਸਨ। ਜਾਲਿਬ ਦੀ ਪੜ੍ਹਾਈ ਵਿਚ ਕਈ ਵਾਰ ਵਿਘਨ ਪਿਆ ਤੇ ਰੋਜ਼ੀ ਰੋਟੀ ਦੀ ਭਾਲ ਕਰਦਿਆਂ ਉਸ ਬੜੇ ਮੁਸ਼ਕਿਲ ਹਾਲਾਤ ਵਿਚ ਮੈਟ੍ਰਿਕ ਪਾਸ ਕੀਤੀ। ਫਿਰ ਕੁਝ ਦੇਰ ਰੋਜ਼ਾਨਾ 'ਡਾਨ' ਤੇ 'ਜੰਗ' ਅਖ਼ਬਾਰ ਵਿਚ ਪਰੂਫ਼ ਪੜ੍ਹਨ ਦੀ ਨੌਕਰੀ ਕੀਤੀ। ਨਾਲ ਦੇ ਨਾਲ ਉਹ ਮੁਸ਼ਾਇਰਿਆਂ ਵਿਚ ਵੀ ਹਿੱਸਾ ਲੈਣ ਲੱਗ ਪਿਆ ਸੀ। ਇਕ ਮੁਸ਼ਹਿਰੇ ਵਿਚ ਨਜ਼ਮ ਪੜ੍ਹਦਿਆਂ ਕੋਹੇਨੂਰ ਟੈਕਸਟਾਈਲ ਮਿਲਜ਼ ਦੇ ਮਾਲਕ ਨੇ, ਉਹਨਾਂ ਦੀ ਕਵਿਤਾ ਤੋਂ ਪ੍ਰਭਾਵਿਤ ਹੋ ਕੇ, ਨੌਕਰੀ ਦੇ ਦਿੱਤੀ, ਪਰ ਕੁਝ ਦਿਨਾਂ ਪਿਛੋਂ ਇਕ ਮੁਸ਼ਾਇਰੇ ਵਿਚ ਹੇਠ ਲਿਖੇ ਬੰਦ ਸੁਣਾਉਣ ਕਾਰਨ ਨੌਕਰੀ ਤੋਂ ਜਵਾਬ ਹੋ ਗਿਆ।

ÇôÁð Ô¯åÅ þ Áì îÔé¯ î¶Í
Ç÷¿ç× ãñ ×Â þ îôé¯ î¶Í
ÇêÁÅð Ö ð½ôé éÔÄ ÇÎñç,
ÇÂé îÖÅé¯ î¶, ÇÂé îÖé¯ î¶Í

ਜਾਲਿਬ ਦੀ ਪਹਿਲੀ ਗ੍ਰਿਫ਼ਤਾਰੀ ਮੁਜ਼ਾਰਾ ਲਹਿਰ (ਹਾਰੀ ਤਹਿਰੀਕ) 1954 ਵਿਚ ਹੋਈ ਤੇ ਇਸ ਤੋਂ ਬਾਅਦ ਇਹ ਚੱਕਰ ਜ਼ਿੰਦਗੀ ਦੇ ਅਖ਼ੀਰ ਤੀਕ ਚੱਲਦਾ ਰਿਹਾ। ਵੰਡ ਤੋਂ ਬਾਅਦ ਦੇ ਸਾਲਾਂ ਵਿਚ ਜਾਲਿਬ ਨੇ ਦਿੱਲੀ, ਬੰਬਈ, ਹੈਦਰਾਬਾਦ, ਲਖਨਊ, ਨਾਗਪੁਰ ਤੇ ਗਵਾਲੀਅਰ ਆਦਿ ਸ਼ਹਿਰ ਵਿਚ ਹੋਏ ਮੁਸ਼ਾਇਰਿਆਂ ਵਿਚ ਹਿੱਸਾ ਲਿਆ ਤੇ ਦਿੱਲੀ ਤੋਂ ਵਾਪਸ ਪਾਕਿਸਤਾਨ ਪਰਤਦੇ ਹੋਏ, ਆਪਣੇ ਪਿੰਡ ਮਿਆਣੀ ਅਫ਼ਗਾਨਾਂ ਵੀ ਗੇੜਾ ਮਾਰ ਗਏ। ਉਹ ਨੈਸ਼ਨਲ ਅਵਾਮੀ ਪਾਰਟੀ ਦੇ ਸਮਰਥਕ ਬਣ ਗਏ ਤੇ ਅਖ਼ੀਰ ਉਮਰ ਤੀਕ ਏਸੇ ਪਾਰਟੀ ਨਾਲ ਪ੍ਰਤੀਬੱਧ ਰਹੇ। ਜਾਲਿਬ ਨੇ ਬਹੁਤ ਸਾਰੀਆਂ ਫ਼ਿਲਮਾਂ ਦੇ ਗੀਤ ਵੀ ਲਿਖੇ ਤੇ ਵੱਡੇ ਫ਼ਿਲਮੀਂ ਸਨਮਾਨ ਪ੍ਰਾਪਤ ਕੀਤੇ।

ਰਾਜਸੀ ਪ੍ਰਤੀਬੱਧਤਾ ਤੇ ਸ਼ਾਇਰੀ ਵਿਚ ਜਮਹੂਰੀ ਅਸੂਲਾਂ ਤੇ ਅਵਾਮ-ਦੋਸਤੀ ਕਾਰਨ, ਜਾਲਿਬ, ਸੁੱਤੇ-ਸਿੱਧ ਹਰ ਅਵਾਮੀ ਤਹਿਰੀਕ ਨਾਲ ਜੁੜ ਜਾਂਦਾ ਸੀ ਤੇ ਸਿੱਟੇ ਵਜੋਂ ਗ੍ਰਿਫ਼ਤਾਰ ਹੋ ਕੇ ਜੇਲ੍ਹ ਜਾਣਾ, ਉਸ ਲਈ ਨਿੱਤ ਦਾ ਕਰਮ ਹੋ ਗਿਆ ਸੀ। ਪਹਿਲਾਂ ਜਨਰਲ ਅਯੂਬ ਵੇਲੇ ਤੇ ਫਿਰ ਜਰਨਲ ਯਹੀਯਾ ਖਾਨ ਤੇ ਜ਼ਿਆਉੱਲ ਹੱਕ ਦੇ ਫੌਜੀ ਰਾਜ ਵਿਚ ਲੋਕਾਂ ਦੇ ਲਿਖਣ, ਬੋਲਣ ਤੇ ਸੰਘਰਸ਼ ਕਰਨ ਦੇ ਜਮਹੂਰੀ ਹੱਕਾਂ ਦੇ ਕੁਚਲੇ ਜਾਣ ਕਾਰਨ ਸਾਰਾ ਪਾਕਿਸਤਾਨ ਇਕ ਖੁੱਲ੍ਹੀ ਜੇਲ੍ਹ ਬਣ ਗਿਆ ਸੀ। ਆਤਮ-ਪ੍ਰਗਟਾਵੇ ਦੀ ਸਾਧਾਰਨ ਘਟਨਾ ਨੂੰ ਵੱਡੀ ਸਾਜ਼ਿਸ਼ ਦਾ ਨਾਂ ਦੇ ਕੇ, ਫੌਜੀ ਜੁੰਡਲੀ ਵਿਰੋਧੀ ਵਿਚਾਰਾਂ ਵਾਲੇ ਲੋਕਾਂ ਉੱਤੇ ਬੇਪਨਾਹ ਤਸ਼ੱਦਦ ਕਰਦੀ ਸੀ। ਐਸੀ ਖ਼ਤਰਨਾਕ ਸਥਿਤੀ ਵਿਚ ਲੋਕਾਂ ਦਾ ਸਾਥ ਦੇਣ ਵਾਲੇ ਲੇਖਕਾਂ ਦੀ ਖ਼ੈਰ ਸੁੱਖ ਨਹੀਂ ਸੀ ਹੁੰਦੀ। ਫੌਜੀ ਰਾਜ ਦਾ ਨਿਰੰਤਰ ਵਿਰੋਧ, ਹੱਕ ਸੱਚ ਦਾ ਸਾਥ ਤੇ ਅਵਾਮ ਦੇ ਨਾਗਰਿਕ ਹੱਕਾਂ ਦਾ ਡੱਟਵਾਂ ਸਮਰਥਨ, ਜਾਲਿਬ-ਕਾਵਿ ਦੀਆਂ ਮੂਲ ਥੀਮਿਕ ਇਕਾਈਆਂ ਹਨ। ਕਲਾ ਕਲਾ ਲਈ ਦੇ ਸਿਧਾਂਤਕਾਰ ਤੇ ਬੁਰਜ਼ੂਆ ਸੁਹਜ-ਸ਼ਾਸ਼ਤਰੀ ਜਾਲਿਬ ਦੀ ਸ਼ਾਇਰੀ ਤੇ ਵੀ ਉਹੀ ਪੁਰਾਣਾ ਦੂਸ਼ਣ ਲਾਉਂਦੇ ਰਹੇ ਕਿ ਇਸ ਵਿਚ ਸੁੰਦਰਤਾ ਤੇ ਕੋਮਲਤਾ ਦੀ ਘਾਟ ਹੈ, ਇਹ ਸ਼ਾਇਰੀ ਸਿਆਸੀ ਪਾਪੇਗੰਡਾ ਕਰਦੀ ਹੈ, ਪਰ ਜਾਲਿਬ ਨੇ ਅਜੇਹੇ ਇਲਜ਼ਾਮਾਂ ਦੀ ਕਦੇ ਪ੍ਰਵਾਹ ਨਹੀਂ ਸੀ ਕੀਤੀ ਤੇ ਆਖ਼ਰੀ ਦਮ ਤੀਕ ਲੋਕ-ਮੁਖੀ ਸੁਹਜ-ਸ਼ਾਸ਼ਤਰ ਦੇ ਨਿਰਮਾਣ ਤੇ ਜ਼ੁਲਮ ਦੇ ਵਿਰੁੱਧ ਸੰਗਰਾਮ ਵਿਚ ਜੁੱਟਿਆ ਰਿਹਾ।

î¶ð¶ ÔÅ î¶ Öñî þ, î¶ð¶ ÇÜÔé î¶ ¹ÜÅñÅÍ
î¹Þ¶ ÇÖÁÅ çìÅ Ö¶×Å, Ö¯Â ÷¹ñîå¯ ÖÅ êÅñÅÍ

ç¶éÅ ê ó · ¶ ð¹Þ í ÔðÜÅéÅ, ¾Ú Ô ÇñÖå¶ ÜÅéÅ,
îå ìðÅéÅ, îå âð ÜÅéÅ, ¾Ú Ô ÇñÖå¶ ÜÅéÅÍ
ਜਾਂ
¾Ú ðÇÔ ð¶ Çð ç½ð î¶ êÛåÅÂ¶ éÔÄ ÔîÍ
Çððçåð ê¶ Áêé¶ ðí ôðîÅÂ¶ éÔÄ ÔîÍ

ਮਰਦਾਂ ਦੇ ਟਾਕਰੇ ਤੇ ਔਰਤਾਂ ਦੀ ਅੱਧੀ ਗਵਾਹੀ ਦੇ ਵਿਰੁੱਧ ਲਾਹੌਰ ਵਿਚ ਨਿਕਲੇ ਜਲੂਸ ਵਿਚ ਸ਼ਾਮਿਲ ਹੋਣ ਤੇ ਪੁਲਿਸ ਨੇ ਜਾਲਿਬ ਨੂੰ ਸ਼ਰੇਆਮ ਕੁੱਟਿਆ ਤਾਂ ਉਸ ਨੇ ਲਿਖਿਆ ਸੀ।

ÇÜî ê¶ Ü¯ ÷õî¯ ð¶ Çéô þ Áêé¶ å×î¶ þ,
Çîñ þ ÁË çÅç òÅ ð Çð¶ óð ð¶ ìÚÍ

ਜਾਲਿਬ ਦੀ ਖ਼ਾਸੀਅਤ ਸੀ ਕਿ ਜ਼ੁਲਮ ਦੇ ਝੁੱਲਦੇ ਕਾਲੇ ਬੋਲੇ ਝੱਖੜਾਂ ਵਿਚ ਵੀ ਉਹ ਝੂਠ ਨੂੰ ਝੂਠ ਤੇ ਸੱਚ ਨੂੰ ਸੱਚ ਲਿਖਦਾ ਸੀ ਤੇ ਹਕੂਮਤੀ ਜਬਰ ਨਾਲ ਕਦੇ ਸਮਝੌਤਾ ਨਹੀਂ ਸੀ ਕਰਦਾ।

÷¹ñîå ð¯ Ç÷ÁÅ ð ð ð¯ ì ì¿ç¶ ð¯ õ¹çÅ ÇðÁÅ ÇñÖéÅÍ
ê¾ð ð¯ ×½Ôð, çòÅð ð¯ çð, ðð× ð¯ Ô¹îÅ ÇðÁÅ ÇñÖéÅÍ

ਜਾਲਿਬ ਦੀ ਸ਼ਾਇਰੀ ਪਾਕਿਸਤਾਨ ਦੇ ਅਵਾਮ ਨੂੰ ਮੁਖ਼ਾਤਿਬ ਹੁੰਦੀ ਸੀ। ਹਰ ਖ਼ਤਰੇ ਸਮੇਂ, ਜ਼ੁਲਮ ਦੇ ਹਰ ਦੌਰ ਵਿਚ ਜਾਲਿਬ ਦੀ ਕਲਮ ਚੁੱਪ ਨਹੀਂ ਸੀ ਰਹਿੰਦੀ।

ÁÅõð ðÅå þ ð éÅ Þ¹ðÅéÅ ñ¯×¯Í
Ô¹é-Â¶-ÁçðÅð ð ôî · ¶ éÅ ì¹ÞÅéÅ ñ¯×¯Í
ÇÂ¿åÔÅ ÷¹ñî ð Ô¯ ÜÅÂ¶, òÅ òÅñ¯ êð,
öËð-î¹îÇéð þ î¹Ô¾ìå ð¯ ÇîàÅéÅ ñ¯×¯Í

ਸੱਚ ਦੀ ਪੇਸ਼ਕਾਰੀ ਲੋਕਾਂ ਨੂੰ ਆਪਣੇ ਦੁਸ਼ਮਣਾਂ ਤੋਂ ਬੇਦਾਰ ਕਰਨ ਦੇ ਨਾਲ-ਨਾਲ, ਫੌਜੀ-ਤਾਨਾਸ਼ਾਹੀ ਜਾਲਿਬ ਦੀ ਸਮੁੱਚੀ ਸ਼ਾਇਰੀ ਦੀ ਮੁੱਖ ਅਧਾਰ-ਸ਼ਿਲਾ ਹੈ। ਇਹ ਲੜਾਈ ਬੜੀ ਲੰਮੀ ਤੇ ਕਠਿਨ ਸੀ ਤੇ ਬੇਅੰਤ ਕੁਰਬਾਨੀ ਤੇ ਸਿਰੜ ਮੰਗਦੀ ਸੀ, ਪਰ ਪਾਕਿਸਤਾਨ ਦੇ ਅਵਾਮ ਉੱਤੇ ਅਥਾਹ ਭਰੋਸਾ ਕਰਦੇ ਹੋਏ ਅਤੇ ਚੰਗੇਰੇ ਭਵਿੱਖ ਦੀ ਆਸ ਕਰਦੇ ਰਹਿਣ ਕਾਰਨ, ਜਾਲਿਬ ਦੇ ਪੈਰ ਕਦੇ ਡੋਲੇ-ਡਗਮਗਾਏ ਨਹੀਂ ਸਨ। ਉਸ ਦੀ ਸ਼ਾਇਰੀ ਸਿੱਧੀ ਸਪਸ਼ਟ ਲੋਕ-ਦੁਸ਼ਮਣਾਂ ਨੂੰ ਸੰਬੋਧਨ ਹੁੰਦੀ ਸੀ ਤੇ ਆਪਣੇ ਪੈਗ਼ਾਮ ਨੂੰ ਜੰਤਾ ਤੀਕ ਪਹੁੰਚਾਣ ਤੀਕ ਪਹੁੰਚਾਣ ਲਈ ਉਹ ਕਲਾਤਮਿਕ ਚੁਸਤੀਆਂ ਦਾ ਆਸਰਾ ਨਹੀਂ ਸੀ ਲੈਂਦਾ। ਸਾਦਾ ਪ੍ਰਗਟਾ-ਢੰਗ ਉਸ ਦੀ ਪਛਾਣ ਬਣ ਗਿਆ ਸੀ। ਫੀਲਡ ਮਾਰਸ਼ਲ ਮੁਹੰਮਦ ਅਯੂਬ ਖ਼ਾਨ ਦੇ ਲੋਕ-ਵਿਰੋਧੀ ਇਸਲਾਮੀ ਦਸਤੂਰ (ਕਾਨੂੰਨ) ਦੀ ਵਿਰੋਧਤਾ ਕਰਦਾ ਹੋਇਆ ਕਵੀ ਆਖਦਾ ਹੈ।

ëÈñ ôÅÖ¯ ê¶ ÇÖñé¶ ñ×¶, å¹î ðÔ¯
ÜÅî Çð¿ç¯ ð¯ Çîñé¶ ñ×¶, å¹î ðÔ¯
ÚÅð é¯ ð¶ Çñé¶ ñ×¶, å¹î ðÔ¯
ÇÂ Ö¹ñ · ¶ ÞÈá ð¯, Ç÷Ôé ð ¬à ð¯
îË éÔÄ îÅéåÅ, îË éÔÄ îÅéåÅÍ

ਇਕ ਫੌਜੀ ਜਰਨੈਲ, ਬਦਨਾਮ ਹੋਣ ਉਤੇ, ਜਦੋਂ ਹਕੂਮਤ ਦੀ ਵਾਗ ਡੋਰ ਜਰਨੈਲ (ਯਹੀਯਾ ਖ਼ਾਨ) ਨੂੰ ਸੌਂਪ ਗਿਆ ਤਾਂ ਜਾਲਿਬ ਨੇ ਕਿਹਾ ਸੀ:-

å¹î ¶ êÇÔñ¶ ò¹Ô Ü¯ ÇÂð ôõ ïÔ åõå éôÄ ÅÍ
¹ ð¯ í Áêé¶ õ¹çÅ Ô¯é¶ ê¶ ÇÂåéÅ Ô ïðÄ ÅÍ

ਇਕ ਪੰਜਾਬੀ ਨਜ਼ਮ ਵਿਚ ਵੀ ਫੌਜੀ ਬੂਟਾਂ ਵਾਲੀ ਸਰਕਾਰ ਵੱਲ ਸੰਕੇਤ ਕੀਤਾ ਹੈ।

âÅðÈÁ çÅ Ü¶ Å éÅ Çç¿çÅ, Çê³â çÅ êÇÔð¶çÅðÍ
Á¾Ü êËðÄ ÷¿Üð éÅ Ô¹¿ç, ÇÜ¾å éÅ ìäç ÔÅðÍ
ê¾× ÁÅêä¶ ×ñ ÇòÚ êÅ ñú, à¹ð¯ ê¶à ç¶ íÅðÍ
Úó · ÜÅÂ¶ å¶ î¹ôÇðñ ñÇÔ¿ç, ìÈà ç ððÅðÍ

1971 ਵਿਚ ਕਿਸਾਨ ਹਾਲ ਲਾਹੌਰ ਵਿਚ ਇਕ ਜਲਸੇ ਨੂੰ ਸੰਬੋਧਨ ਕਰਦੇ ਹੋਏ ਜਾਲਿਬ ਨੇ ਕਿਹਾ ਸੀ ਕਿ ਯਹੀਯਾ ਖਾਨ ਤੇ ਨੂਰਉਲੀਮੀਨ ਸਾਡੇ ਮੁਲਕ ਪਾਕਿਸਤਾਨ ਨੂੰ ਤੋੜ ਰਹੇ ਹਨ। ਪੁਲਸ ਵਾਲਿਓ। ਮੇਰਾ ਬਿਆਨ ਲਿਖ ਲਵੋ ਕਿ ਅੱਜ ਤੋਂ ਬਾਅਦ ਚੁੱਪ ਰਹਿਣਾ ਮੌਤ ਹੋਵੇਗੀ ਤੇ ਜੇਲ੍ਹ ਤੋਂ ਬਾਹਰ ਰਹਿਣਾ,

ਬੇਗ਼ੈਰਤੀ।'' ਫਿਰ ਇਹ ਕਿਤਾਅ ਪੜ੍ਹਿਆ ਤੇ ਗ੍ਰਿਫ਼ਤਾਰ ਹੋ ਕੇ ਕੈਂਪ ਜੇਲ੍ਹ ਪਹੁੰਚ ਗਏ,

Î¹Ô¾ìå ×¯ñÁ ¶ ì¯ ðÔ¶ Ô¯Í
òåé ÔÅ ÇÚÔðÅ ÖÈ¿ ¶ è¯ ðÔ¶ Ô¯Í
×¹Î å¹Î Ô¯ ÇÔ ðåÅ Ôà ðÔÅ þ
ïÔÄ Î¹Þ Ô¯ ÇÔ Î¿÷ñ Ô¯ ðÔ¶ Ô¯Í

ਫ਼ੈਜ਼ ਅਹਿਮਦ ਫ਼ੈਜ਼ ਦੀ ਤਰੱਕੀ ਪਸੰਦ ਸ਼ਾਇਰਾਨਾ-ਪਰੰਪਰਾ ਨੂੰ ਅੱਗੇ ਤੋਰਨ ਦਾ ਹਬੀਬ ਜਾਲਿਬ ਦਾ ਆਪਣਾ ਵੱਖਰਾ ਢੰਗ ਸੀ। ਫ਼ੈਜ਼ ਵਿਚ ਸੁਹਜ-ਸਿਰਜਣਾ ਵਧੇਰੇ ਸੀ। ਖ਼ਿਆਲ ਦੀ ਬੁਲੰਦੀ। ਖਰਵੇ ਯਥਾਰਥ ਨੂੰ ਰੋਮਾਂਟਿਕ ਛੂਹ ਦੇਣ ਦਾ ਕਮਾਲ ਕਸਬ ਸੀ। ਪੁਰਾਣੀ ਉਰਦੂ ਕਾਵਿ-ਬਿੰਬਾਵਲੀ ਨੂੰ ਨਵੇਂ ਤੇ ਡੂੰਘੇਰੇ ਅਰਥ ਦੇਣ ਦੀ ਅਥਾਹ ਸਮਰੱਥਾ ਸੀ ਤੇ ਦਿਲ ਵਿਚ ਉਤਰ ਜਾਣ ਵਾਲਾ ਸ਼ਾਇਰਾਨਾ ਕਮਾਲ ਹਾਸਿਲ ਸੀ। ਪਰ ਇਸੇ ਹੀ ਤਰੱਕੀ ਪਸੰਦ ਉਰਦੂ ਸ਼ਾਇਰੀ ਨੂੰ ਆਪਣੇ ਵੱਖਰੇ ਅੰਦਾਜ਼ ਵਿਚ ਆਮ ਲੋਕਾਂ ਤੀਕ ਲੈ ਜਾਣ ਦਾ ਜਾਲਿਬ ਦਾ ਵੱਖਰਾ ਤੌਰ-ਤਰੀਕਾ ਸੀ। ਸਰਲ, ਸਾਦਾ ਜ਼ੁਬਾਨ ਵਿਚ ਲੋਕ-ਦੁਸ਼ਮਣਾਂ ਦੇ ਚਿਹਰਿਆਂ ਤੋਂ ਨਕਾਬ ਲਾਹ ਦੇਣ ਦਾ ਉਸ ਦਾ ਸਿੱਧਾ-ਸਾਦਾ ਢੰਗ ਸੀ। ਉਸ ਦੀ ਉਰਦੂ ਜ਼ੁਬਾਨ ਗਲੀਆਂ ਮਹੱਲਿਆਂ ਵਿਚ ਵਿਚਰਦੇ ਆਮ ਲੋਕਾਂ ਦੀ ਜ਼ੁਬਾਨ ਸੀ, ਤੇ ਉਸ ਨੇ ਸਾਦਗੀ ਵਿਚੋਂ ਸੁੰਦਰਤਾ ਪੈਦਾ ਕਰਨ ਦਾ ਰਾਹ ਲੱਭਿਆ ਸੀ। ਦੋਵੇਂ ਹੀ ਆਪੋ ਆਪਣੇ ਖੇਤਰ ਦੇ ਵੱਡੇ ਤੇ ਹਰਮਨ ਪਿਆਰੇ ਸ਼ਾਇਰ ਸਨ, ਜਿੰਨ੍ਹਾਂ ਆਪਣੇ ਆਪਣੇ ਦੌਰ ਦੀਆਂ ਚੁਣੌਤੀਆਂ ਨੂੰ ਸਵੀਕਾਰ ਕਰਦਿਆਂ ਅਵਾਮ ਦਾ ਸਾਥ ਦਿੱਤਾ ਤੇ ਸ਼ਾਇਰੀ ਨੂੰ ਜਨ-ਸਾਧਾਰਨ ਤੀਕ ਲੈ ਕੇ ਗਏ। ਜਿਥੇ ਜਾਲਿਬ ਨੂੰ ਆਪਣੀ ਜ਼ਿੰਦਗੀ ਵਿਚ ਦੇਸ਼ ਦੇ ਹਾਕਮਾਂ ਹੱਥੋਂ ਮਾਰ-ਕੁੱਟ ਜ਼ਿੱਲਤ, ਕੈਦ ਅਤੇ ਹਰ ਪ੍ਰਕਾਰ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ, ਉਥੇ ਪਾਕਿਸਤਾਨ ਦੇ ਅਵਾਮ ਅਤੇ ਦੁਨੀਆਂ ਭਰ ਦੇ ਇਨਸਾਫ਼-ਪਸੰਦ ਲੋਕਾਂ, ਲੇਖਕਾਂ ਤੇ ਕਲਾਕਾਰਾਂ ਦੇ ਬੇਹੱਦ ਪਿਆਰ ਮਿਲਿਆ। ਅਹਿਮਦ ਨਦੀਮ ਕਾਸਮੀ ਦੇ ਸ਼ਬਦਾਂ ਵਿਚ, ''ਇਹ ਤਹਿ ਹੈ ਕਿ ਉਸ ਨੇ ਜੋ ਕੁਝ ਵੀ ਕਿਹਾ, ਅਸਰਚਜਾ-ਭਰੇ ਹੌਸਲੇ ਤੇ ਖਲੂਸ ਦੇ ਨਾਲ ਕਿਹਾ, ਇਹ ਹੌਂਸਲਾ ਉਹਨੂੰ ਸਦਾਕਤ ਵਿਚ ਵਿਸ਼ਵਾਸ਼ ਨੇ ਵੀ ਦਿੱਤਾ, ਜਿੰਨ੍ਹਾਂ ਦੀਆਂ ਮੁਸ਼ਕਲਾਂ ਤੇ ਜਿੰਨ੍ਹਾਂ ਦੇ ਬੁਨਿਆਦੀ ਹੱਕਾਂ ਦੇ ਕੁਚਲੇ ਜਾਣ ਦਾ ਵਰਨਣ ਜਾਲਿਬ ਦੀ ਸ਼ਾਇਰੀ ਦਾ ਵਿਸ਼ਾ-ਵਸਤੂ ਸੀ। ਉਸ ਨੂੰ ਏਨੀ ਪ੍ਰਵਾਨਗੀ ਪ੍ਰਾਪਤ ਹੋਈ ਕਿ ਉਹ ਆਪਣੀ ਜ਼ਿੰਦਗੀ ਵਿਚ Legend ਬਣ ਗਿਆ ਸੀ। ਇਹ ਪ੍ਰਸਿੱਧੀ, ਇਹ ਪ੍ਰਵਾਨਗੀ ਤੇ ਇੱਜ਼ਤ ਉਸ ਉੱਤੇ ਅਸਮਾਨ ਉਤੋਂ ਨਹੀਂ ਸੀ ਡਿੱਗੀ। ਉਸ ਨੇ ਇਹ ਸਭ ਕੁਝ ਬੇਸ਼ੁਮਾਰ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਸੀ। ਪਾਕਿਸਤਾਨ ਦੀ ਅਦਬੀ ਤੇ ਸਿਆਸੀ ਤਾਰੀਖ਼ ਵਿਚ ਉਸ ਦਾ ਨਾਮ ਤੇ ਕੰਮ ਹਮੇਸ਼ਾ ਜ਼ਿੰਦਾ ਰਹੇਗਾ।''

ਜਾਲਿਬ ਉਸ ਦੀ ਜ਼ਿੰਦਗੀ ਵਿਚ 11 ਕਾਵਿ-ਸੰਗ੍ਰਹਿ ਛਪੇ ਸਨ।

1. ਬਰਗੇ-ਆਵਾਰਾ (1957), 2. ਸਰੇ-ਮਕਤਲ (1966), 3. ਅਹਿਦੇ-ਸਿਤਮ, 4. ਜ਼ਿਕਰ ਬਹਿਤੇ ਖ਼ੂਨ ਕਾ, 5. ਗੋਸ਼ੇ ਮੇਂ ਕਫਸ ਕੇ, 6. ਅਹਿਦੇ ਸਜ਼ਾ, 7. ਹਰਫ਼ੇ-ਹੱਕ, 8. ਇਸ ਸ਼ਹਿਰੇ-ਖਰਾਬੀ ਮੇਂ, 9. ਜਾਲਬ ਨਾਮਾ, 10. ਹਰਫ਼ੇ ਸਰੇਦਾਰ, 11. ਕਲਯਾਤੇ ਹਬੀਬ ਜਾਲਿਬ ਇਸ ਤੋਂ ਬਿਨਾਂ ਜਾਲਿਬ ਦੀ ਜ਼ਿੰਦਗੀ ਵਿਚ ਅਤੇ ਉਸ ਦੀ ਮੌਤ ਤੋਂ ਬਾਅਦ, ਉਸ ਦੀ ਸ਼ਾਇਰੀ ਤੇ ਸ਼ਖ਼ਸੀਅਤ ਬਾਰੇ ਬਹੁਤ ਸਾਰੀਆਂ ਕਾਬਲੇ-ਜ਼ਿਕਰ ਕਿਤਾਬਾਂ ਛਪੀਆਂ ਹਨ। ਇਹਨਾਂ ਵਿਚ 'ਹਬੀਬ-ਜਾਲਿਬ-ਫ਼ਨ ਔਰ ਸ਼ਖ਼ਸੀਅਤ (1978) ਕੋਈ ਤੋਂ ਪਰਚਮ ਲੈ ਕੇ ਨਿਕਲੇ (ਮਜਾਹਦ ਬਰੇਲਵੀ) ਹਬੀਬ ਜਾਲਿਬ, ਫ਼ਨ ਤੇ ਸ਼ਖ਼ਸੀਅਤ (ਸੰਪਾਦਕ ਨੰਦ ਕਿਸ਼ੋਰ ਵਿਕਰਮ, ਦਿੱਲੀ, ਜਲਾਬ ਬੀਤੀ (ਸੰਪਾਦਕ ਤਾਹਰ ਅਸਗਰ ਬੀਸਵੀ ਸਦੀ ਦਾ ਅਵਾਮੀ ਸ਼ਾਇਰ) (ਸੰਪਾਦਕ ਜ਼ਹੂਰ ਅਹਿਮਦ ਖ਼ਾਨ), ਜਾਲਿਬ ਜਾਲਿਬ (ਕਰਾਚੀ) ਹਬੀਬ ਜਾਲਿਬ, ਘਰ ਕੀ ਗਵਾਹੀ, ਤਰਤੀਬ, ਸਈਦ ਪ੍ਰਵੇਜ਼, ਹਬੀਬ ਜਾਲਿਬ (ਸ਼ਾਇਰ ਸ਼ੁਹਲਾ ਨਵਾ) ਅਤੇ ਹੋਰ ਕਈ ਸ਼ਾਮਿਲ ਨੇ।

ਜਾਲਿਬ ਦੇ ਭਾਈ ਸਾਹਿਬ ਜਨਾਬ ਸਈਦ ਪ੍ਰਵੇਜ਼ ਸਾਹਿਬ ਨੇ ਆਪਣੇ ਸ਼ਾਇਰ ਭਰਾ ਬਾਰੇ ਬੜੀ ਮਿਹਨਤ ਤੇ ਲਗਨ ਨਾਲ ਕੰਮ ਕੀਤਾ ਅਤੇ ਤਿੰਨ ਜਿਲਦਾਂ ਵਿਚ ਜਾਲਿਬ ਦੀ ਸ਼ਖ਼ਸੀਅਤ ਤੇ ਕਲਾਮ ਬਾਰੇ ਸਮਕਾਲੀ ਕਵੀਆਂ ਲੇਖਕਾਂ ਦੋਸਤਾਂ ਤੇ ਹੋਰ, ਪ੍ਰਸੰਸਕਾਂ ਦੀਆਂ ਨਜ਼ਮਾਂ ਤੇ ਯਾਦਾਂ ਸੰਪਾਦਤ ਕਰਕੇ ਛਪਵਾਉਣ ਦਾ ਉੱਦਮ ਕੀਤਾ ਹੈ।

ਜਾਲਿਬ ਨੇ ਭਾਵੇਂ ਨਜ਼ਮ ਤੇ ਗੀਤ ਵੀ ਖ਼ੂਬ ਲਿਖੇ ਹਨ, ਪਰ ਉਰਦੂ ਗ਼ਜ਼ਲ ਵਿਚ ਉਹਨਾਂ ਦੀ ਆਪਣੀ ਵੱਖਰੀ ਪਛਾਣ ਹੈ। ਉਹਨਾਂ ਨੇ ਸਰਲ ਸਾਦਾ ਜ਼ੁਬਾਨ ਦੀ ਵਰਤੋਂ ਕਰਦਿਆਂ, ਹੱਕਾਂ ਲਈ ਜੂਝਦੇ ਲੋਕਾਂ ਦੀਆਂ ਜਦੋਂ ਜਹਿਦਾਂ ਨੂੰ ਗ਼ਜ਼ਲ ਦੇ ਸ਼ਿਅਰ ਵਿਚ ਗੁੰਦਿਆ ਹੈ। ਉਸ ਨੇ ਸਾਦਗੀ ਵਿਚੋਂ ਸੁੰਦਰਤਾ ਪੈਦਾ ਕੀਤਾ ਹੈ ਅਤੇ ਗ਼ਜ਼ਲ ਨੂੰ ਦੇਸ਼ ਦੀ ਜਮਹੂਰੀ ਜਦੋਂ ਜਹਿਦ ਨਾਲ ਜੋੜ ਦਿੱਤਾ।

ਜਾਲਿਬ ਦੀ ਗਿਣਤੀ ਸੰਸਾਰ ਦੇ ਕ੍ਰਾਂਤੀਕਾਰੀ ਜਨਵਾਦੀ (Revolutionary Democratic) ਸ਼ਾਇਰਾਂ ਵਿਚ ਕੀਤੀ ਜਾਂਦੀ ਹੈ। ਉਰਦੂ ਦੇ ਪ੍ਰਮੁੱਖ ਭਾਰਤੀ ਸ਼ਾਇਰ ਸ੍ਰੀ ਅਲੀ ਸਰਦਾਰ ਜਾਫ਼ਰੀ ਦੇ ਸ਼ਬਦਾਂ ਵਿਚ,

''ਹਬੀਬ ਜਾਲਿਬ- ਇਹ ਵੀਹਵੀਂ ਸਦੀ ਦੀ ਆਵਾਜ਼ ਹੈ। ਇਕ ਦਾ ਨਾਂ ਕਾਜ਼ੀ ਨਜ਼ਰਉਲ ਇਸਲਾਮ ਹੈ (ਬੰਗਾਲੀ) ਇਕ ਨਾਂ ਨਾਜ਼ਿਮ ਹਿਕਮਤ ਹੈ (ਤੁਰਕੀ) ਇਕ ਨਾਂ ਪਾਬਲੋ ਨੇਰੂਦਾ ਹੈ (ਸਪੇਨੀ) ਇਕ ਨਾਂ ਮਹਿਮੂਦ ਦਰਵੇਸ਼ ਹੈ (ਅਰਬੀ) ਇਕ ਨਾ ਮਾਇਆਕੋਵਸਕੀ (ਰੂਸੀ) ਹੈ।

ਖ਼ੁਦ ਬਾਰੇ ਹਬੀਬ ਜਾਲਿਬ ਨੇ ਆਪਣੀ ਇਕ ਗ਼ਜ਼ਲ ਵਿਚ ਲਿਖਿਆ ਸੀ:-

ÒÒÂ¶ö ÔÎ¶ ÁòÅðÅ öÇÔéÅ, ö¯Â ì ó Å ÇÂñ÷ÅÎ éÔÄÍ
ç¹éÁ òÅñ¶, Ççñ òÅñ¯ ö¯, Á½ð ìÔ¹å ö¹Û öÇÔå¶ þÍ
òÔ¹ Ü¯ ÁÍ ÇÂ ðÅÔ ×¹÷ð ¶ ÚÅö-×ð¶ì ×¹÷ðÅ ÅÍ
ÇÂ ÁòÅðÅ çòÅé¶ ö¯, ÒÜÅÇñì, ÜÅÇñìÓ öÇÔå¶ þÍ

ਲੋਕਾਂ ਦੇ ਇਸ 'ਅਵਾਰਾ', 'ਦੀਵਾਨੇ' ਨੂੰ ਯਾਦ ਕਰਦੇ ਹੋਏ ਆਓ ਆਪਣੀ ਸ਼ਖ਼ਸੀਅਤ ਤੇ ਰਚਨਾ, ਕਰਮ ਤੇ ਬਚਨ, ਵਿਸ਼ਵਾਸ਼ ਤੇ ਅਮਲ ਦੇ ਪਾੜੇ ਨੂੰ ਘੱਟ ਕਰਨ ਦੇ ਲਈ ਸੁਚੇਤ ਹੁੰਦੇ ਹੋਏ, ਆਪਣੀ ਰਚਨਾ ਨੂੰ ਪਾਠਕ ਤੇ ਸਰੋਤੇ ਨਾਲ ਜੋੜਨ ਬਾਰੇ ਸੋਚ-ਵਿਚਾਰ ਕਰੀਏ।

ਨੋਟ: ਹਬੀਬ ਜਾਲਿਬ ਦੀਆਂ ਇਹ ਪੰਜਾਬੀ ਤੇ ਉਰਦੂ ਕਵਿਤਾਵਾਂ/ਗ਼ਜ਼ਲਾਂ ਉਨ੍ਹਾਂ ਦੇ ਭਾਈ ਸੱਯਦ ਪ੍ਰਵੇਜ਼ (ਕਰਾਚੀ) ਦੇ ਸੰਪਾਦਨ ਕੀਤੇ ਕਾਵਿ-ਸੰਗ੍ਰਹਿ 'ਰਾਤ-ਕੁਲਹਿਣੀ' ਵਿਚੋਂ ਲੈ ਕੇ ਗੁਰਮੁਖੀ ਅੱਖਰਾਂ ਵਿਚ ਪੇਸ਼ ਕੀਤੀਆਂ ਗਈਆਂ ਹਨ। ਲੇਖਕ ਸੱਯਦ ਪ੍ਰਵੇਜ਼ ਹੁਰਾਂ ਦਾ ਹਾਰਦਿਕ ਧੰਨਵਾਦੀ ਹੈ।

ਅੰਨ੍ਹੇ ਵੇਲਿਆਂ ਦਾ ਸੁਜਾਖਾ ਕਵੀ – ਹਬੀਬ ਜਾਲਿਬ

–ਅਫ਼ਜ਼ਲ ਤੌਸੀਫ਼

ö¯Â å¯ êðÚÎ ñ¶ öð ÇéÔñ¶ Áêé¶ Ç×ð¶ì ÔÅ ÜÅÇñì
ÚÅð¯ ÜÅéì ¿éÅàÅ þ, çòÅé¶ ïÅç ÁÅå¶ þÍ

ਸ਼ਾਇਰ ਹਬੀਬ ਜਾਲਿਬ ਆਪਣੇ ਅਖ਼ੀਰਲੇ ਸਾਹ ਤੀਕਰ, ਵੇਲੇ ਦਾ ਇਕ ਸਰਜਨ ਸੀ। ਉਸਦੀ ਸ਼ਾਇਰੀ ਅੱਵਲ ਤੋਂ ਅਖ਼ੀਰ ਤਾਈਂ ਨੌ-ਬਰ-ਨੌ ਰਹੀ। ਹਬੀਬ ਜਾਲਿਬ ਨੇ ਆਪ ਬਥੇਰੀ ਬੀਮਾਰੀ ਕੱਟੀ। ਬਥੇਰੀ ਗਰੀਬੀ ਹੰਢਾਈ, ਪਰ ਉਹਦੀ ਸ਼ਾਇਰੀ ਸਦਾ ਤੰਦਰੁਸਤ ਤੇ ਤਾਕਤਵਰ, ਅਮੀਰ ਰਹੀ। ਅੱਜ ਵੀ ਉਹਦਾ ਕੋਈ ਮਾੜਾ ਸ਼ਿਅਰ ਲੱਭਿਆ ਨਹੀਂ ਜਾ ਸਕਦਾ। ਫ਼ੈਜ਼ ਪਿਛੋਂ ਉਹ ਆਪਣੇ ਕਬੀਲੇ ਦਾ ਸਰਦਾਰ ਸੀ, ਪਰ ਅੱਜ ਉਸ ਕਬੀਲੇ ਦਾ ਸਿਰ ਮੁੰਨਾ ਹੋ ਗਿਆ।

ਮੈਂ ਉਹਨਾਂ ਲੋਕਾਂ ਵਿਚੋਂ ਹਾਂ ਜੋ ਹਬੀਬ ਜਾਲਿਬ ਨੂੰ ਬਹੁਤ ਘੱਟ ਮਿਲੇ ਹੋਣਗੇ, ਪਰ ਉਹਦੀ ਸ਼ਾਇਰੀ ਤਾਂ ਰੋਜ਼ ਹੀ ਮਿਲਦੀ ਸੀ। ਸਰਵਿਸਿਜ਼ ਹਸਪਤਾਲ ਦੇ ਇਕ ਕਮਰੇ ਵਿਚ ਮੈਂ ਹਬੀਬ ਜਾਲਿਬ ਦੀ ਅਖ਼ੀਰੀ ਜ਼ਿਆਰਤ ਕੀਤੀ। ਉਸ ਦਿਨ ਉਸ ਦਾ ਸਾਹ ਬਰਾਬਰ ਨਹੀਂ ਸੀ, ਪਰ ਉਹ ਗੱਲਾਂ ਕਰੀ ਜਾ ਰਿਹਾ ਸੀ। ਕਾਗਜ਼ ਕਲਮ ਸਿਰਹਾਣੇ ਪਿਆ ਹੋਇਆ ਸੀ। ਉਹਨੂੰ ਸ਼ਿਅਰ ਲਿਖਣੋਂ ਕੌਣ ਡੱਕਦਾ? ਪਰ ਕਈ ਹੈਸੀ ਜਿਹਦੇ ਕੋਲੋਂ ਸ਼ਾਇਰ ਨੂੰ ਮੁੜ-ਮੁੜ ਹੱਥ ਛੁਡਾਉਣਾ ਪੈਂਦਾ। ਮੈਨੂੰ ਪੱਕ ਸੀ ਉਹ ਆਪਣੀ ਆਖ਼ਰੀ ਲੜਾਈ ਲੜ ਰਿਹਾ ਸੀ। ਮਾਰਸ਼ਲ ਲਾਅ ਤੋਂ ਲੈ ਕੇ ਮੌਤ ਤੋੜੀ ਇਕ ਵੱਡੀ ਜੰਗ। ਇਕ ਮੁਸ਼ਕਿਲ ਮਜ਼ਾਹਮਤ (ਵਿਰੋਧ) ਹਰ ਹਬੀਬ ਜਾਲਿਬ ਜਿੱਤ ਕੇ ਵੀ ਡਰਦਾ ਸੀ। ਵੱਡੇ ਵੈਰੀ ਸਾਹਮਣੇ ਨਿਡਰ ਖਲੋਣ ਵਾਲਾ ਅਵਾਮੀ ਕਬੀਲੇ ਦਾ ਬਹਾਦਰ ਇਕ ਮੂਜ਼ੀ ਕੀੜੇ ਕੋਲੋਂ ਆਪਣਾ ਬਚਾਅ ਚਾਹੁੰਦਾ ਸੀ। ਬੰਦੂਕ ਅੱਗੇ ਡਟ ਜਾਣ ਵਾਲਾ ਇਕ ਬਿੱਛੂ ਕੋਲੋਂ ਆਪਣਾ ਬਚਾਅ ਚਾਹੁੰਦਾ ਸੀ। ਬੰਦੂਕ ਅੱਗੇ ਡਟ ਜਾਣ ਵਾਲਾ ਇਕ ਬਿੱਛੂ ਕੋਲੋਂ ਆਪਣਾ ਪੈਰ ਲੁਕੋ ਰਿਹਾ ਸੀ। ਅਖ਼ੀਰਲਾ ਜੁਮਲਾ ਮੈਂ ਉਹਦੇ ਕੋਲੋਂ ਸੁਣਿਆ। "ਫਲਾਣਾ-ਫਲਾਣਾ ਕਹਿੰਦਾ, ਹਬੀਬ ਜਾਲਿਬ ਤਾਂ ਸ਼ਾਇਰ ਈ ਨਹੀਂ।" ਮੈਨੂੰ ਲੱਗਾ ਬਿੱਛੂ ਬਹੁਤਾ

ਖ਼ਤਰਨਾਕ ਹੁੰਦਾ। ਜੁੱਤੀ ਵਿਚ ਲੁਕ ਕੇ ਪੈਰ ਨੂੰ ਡੰਗ ਲੈਂਦਾ। ਗੁਲਦਸਤੇ ਵਿਚ ਆ ਜਾਵੇ ਤਾਂ ਉਹ ਬਹਾਦਰ ਹੱਥ ਨੂੰ ਵੀ ਡੰਗ ਦੇਵੇ, ਜੋ ਕਲਮ ਤਲਵਾਰ ਵਾਂਗ ਚਲਾਉਂਦਾ ਰਿਹਾ। ਉਸ ਦਿਨ ਤਾਂ ਗੁਲਦਸਤੇ ਆਏ ਵੀ ਬੜੇ। ਮੈਂ ਵੇਖਿਆ ਸ਼ਾਇਰ ਆਵਣ ਵਾਲਿਆਂ ਦੇ ਮੂੰਹ ਵੱਲ ਤੱਕਦਾ ਸੀ। ਕਿਸੇ ਗੁਲਦਸਤੇ ਨੂੰ ਉਹਨੇ ਅੱਖ ਭਰ ਕੇ ਨਾ ਵੇਖਿਆ। ਪਲਾਸਟਿਕ ਦੇ ਲਿਫ਼ਾਫ਼ੇ ਵਿਚ ਵਲੇਟੇ ਹੋਏ ਫੁੱਲ ਕੋਈ ਚੰਗਾ ਨਜ਼ਾਰਾ ਵੀ ਤੇ ਨਹੀਂ ਸੀ। ਸ਼ਾਇਰੀ ਵਾਂਗ ਏਸ ਸ਼ਹਿਰ ਵਿਚ ਫੁੱਲਾਂ ਦੀ ਵਰਤੋਂ ਵੀ ਗਲਤ ਹੋ ਚੁੱਕੀ ਹੈ।

ਹਬੀਬ ਜਾਲਿਬ ਦੇ ਸਾਹਮਣੇ ਮੁੜ-ਮੁੜ ਹੁੰਦੀ ਪਈ ਸੀ। ਇਕ ਵੱਡਾ ਆਦਮੀ ਅੰਦਰ ਆਇਆ। ਮਹਿੰਗਾ ਗੁਲਦਸਤਾ ਅੱਗੇ-ਅੱਗੇ, ਕੈਮਰਾਮੈਨ, ਪ੍ਰੈੱਸ ਰਿਪੋਰਟਰ ਪਿੱਛੇ-ਪਿੱਛੇ। ਅਮਲਾ ਸਰਕਾਰੀ ਸੱਜੇ-ਖੱਬੇ, ਮੈਨੂੰ ਸਮਝ ਲੱਗੀ, ਗੁਲਦਸਤੇ ਲੋਕੀਂ ਸ਼ਾਇਰ ਵਾਸਤੇ ਨਹੀਂ, ਆਪਣੇ ਵਾਸਤੇ ਲੈ ਕੇ ਆਉਂਦੇ ਪਏ ਸੀ। ਅਗਲੇ ਦਿਨ ਅਖ਼ਬਾਰ ਵਿਚ ਤਸਵੀਰ ਦੇ ਨਾਲ ਖ਼ਬਰ ਛਪਦੀ ਏ। ਨਾਂ ਵੀ ਆਉਂਦਾ ਏ, ਇਹ ਮਨਾਫਕਤ ਦੀ ਗੱਲ ਨਹੀਂ, ਮੁਨਾਫ਼ੇ ਦਾ ਸੌਦਾ ਵੀ ਸੀ, ਪਰ ਹਬੀਬ ਜਾਲਿਬ ਨਾਲ ਸੌਦੇ ਕੌਣ ਕਰ ਸਕਿਆ।

ਅੱਜ ਸਾਡੇ ਹਿੱਸੇ ਤਾਂ ਘਾਟਾ ਹੀ ਘਾਟਾ ਹੈ। ਏਸ ਘਾਟੇ ਦਾ ਪਤਾ ਮੈਨੂੰ ਪਿਛਲੇ ਸਾਲ ਉਸ ਦਿਨ ਲੱਗਾ, ਜਦੋਂ ਇਕ ਜਲਸੇ ਵਿਚ, ਹਬੀਬ ਜਾਲਿਬ ਨੂੰ ਕਲਾਮ ਦੀ ਫਰਮਾਇਸ਼ ਆਈ। ਨਜ਼ਮ ਦੇ ਪਹਿਲੇ ਬੰਦ 'ਤੇ ਉਹਦਾ ਸਾਹ ਉੱਖੜ ਗਿਆ। ਪਾਣੀ ਦਾ ਘੁੱਟ ਭਰ ਕੇ ਉਹਨੇ ਮੁੜ ਮਿਸਰਾ ਚੁੱਕਿਆ। ਸਾਹ ਦੀ ਤੰਦ ਫਿਰ ਟੁੱਟ ਗਈ। ਆਵਾਜ਼ ਦਾ ਦੀਵਾ ਡੋਲਿਆ। ਐਡੇ ਹਨੇਰੇ, ਉੱਤੋਂ ਹਨ੍ਹੇਰੀ ਵਰਗਾ ਝੱਖੜਾ ਝੁੱਲੇ। ਲੋਅ ਦੀਆਂ ਲੋੜਾਂ ਕੌਣ ਪੂਰੀਆਂ ਕਰੇ? ਇੱਕੋ-ਇਕ ਤਾਂ ਦੀਵਾ ਸੀ, ਉੱਚੀ ਲਾਟ ਵਰਗਾ। ਅੰਨ੍ਹੀ ਕੌਮ ਦਾ ਸੁਜਾਖ਼ਾ ਸ਼ਾਇਰ। ਇਕੋ ਆਵਾਜ਼ ਸੁੱਤਿਆ ਨੂੰ ਜਗਾਵਣ ਵਾਲੀ। ਕੇਹੀ ਸ਼ਾਨਦਾਰ ਬੇਜੋੜ ਆਵਾਜ਼। ਮੁੜ ਕਿਥੇ ਗਰੀਬਣੀ ਧਰਤੀ ਕੋਲ ਇਕੋ ਆਸਰਾ, ਧਾੜਵੀਆਂ ਲਈ ਲਲਕਾਰਾ। ਕੀ ਕੁਝ ਨਹੀਂ ਸੀ ਉਸ ਆਵਾਜ਼ ਵਿਚ। ਦੁੱਖਾਂ ਮਾਰੀਆਂ ਸਦੀਆਂ ਬੋਲ ਪੈਂਦੀਆਂ। ਇਹਤਜਾਜ਼ ਦੇ ਸਾਰੇ ਜ਼ਮਾਨੇ ਦੀ ਜ਼ੁਰਅਤ, ਪਰਲੋਤਾਰੀ ਮੁਜ਼ਾਹਤ ਵਾਲਾ ਹੌਂਸਲਾ।

îË éÔÄ îÅéåÅ
éÂ¶ çåÈð ÕÍ
¹ìÅÔ ì¶éÈð ÕÍ
îË éÔÄ ÜÅéåÅÍ

ਕੈਸੀ ਜ਼ੁਰਅਤ ਇਨਕਾਰ, ਲੋਕਾਂ ਦੇ ਖਿਲਾਫ਼ ਬਣੇ ਹੋਏ ਦਸਤੂਰ। ਕੀ ਨਵੇਂ, ਕੀ ਪੁਰਾਣੇ। ਕਾਲੇ ਅੰਨ੍ਹੇ ਬੇਇਨਸਾਫ਼ੀ ਦਸਤੂਰ ਹਬੀਬ ਜਾਲਿਬ ਨੇ ਉੱਕਾ ਰੱਦ ਕਰ ਛੱਡੇ ਤਾਂ ਲੋਕਾਂ ਨੂੰ ਵੀ ਹੌਂਸਲਾ ਹੋਇਆ। ਸਰਕਾਰਾਂ ਨੇ ਪੁੱਛਿਆ, ਉਸ ਤਰ੍ਹਾਂ ਜਿਵੇਂ ਪਹਿਲਾਂ ਇਕ ਸ਼ਾਇਰ ਨੂੰ ਪੁੱਛਿਆ ਸੀ-

ਦਾਗ਼ ਦਾਗ਼ ਉਜਾਲਾ ਕੀ ਹੁੰਦਾ?

ਸ਼ਬ ਗੁਜ਼ੀਦਾ ਸ਼ਹਿਰ ਕਿਸ ਨੂੰ ਆਖਦੇ ਨੇ? ਕਾਲੀ ਸਵੇਰ ਦਾ ਗੀਤ ਵੀ ਕੋਈ ਗਾਵਣ ਵਾਲਾ ਗੀਤ ਹੋਇਆ? ਹਾਕਮ ਨੇ ਹਬੀਬ ਜਾਲਿਬ ਦਾ ਨਾਂ ਲਾਲ ਪੈਨਸਿਲ ਨਾਲ ਅੰਡਰ-ਲਾਈਨ ਕਰ ਲਿਆ ਤੇ ਜੇਲ੍ਹ ਦੇ ਫਾਟਕ ਨੂੰ ਹੋਰ ਮੋਟਾ ਸਰੀਆ ਲਵਾ ਲਓ। ਅਯੂਬ ਸ਼ਾਹੀ ਨੂੰ ਪਹਿਲੀ ਵੰਗਾਰ, ਪਹਿਲਾ ਇਨਕਾਰ "ਮੈਂ ਨਹੀਂ ਮਾਨਤਾ।" ਗੋਲੀ ਵਾਂਗ ਗੀਤ ਅੱਗੇ ਚੱਲ ਪਿਆ, ਸਾਰਾ ਜ਼ਮਾਨਾ, ਕੁੱਲ ਲੋਕਾਈ, ਬੰਗਾਲ ਤੋਂ ਬਲੋਚਿਸਤਾਨ ਤੋੜੀ, ਸਿੰਧ ਤੋਂ ਸਰਹੱਦ ਤੋੜੀ, ਗਾਉਣ ਲੱਗ ਪਈ। ਸ਼ਾਨਦਾਰ ਮੁਜ਼ਾਹਮਤ ਦਾ ਮੋਰਚਾ ਸ਼ਾਇਰੀ ਨਾਲ ਹੋਰ ਵੱਡਾ ਹੋ ਗਿਆ। ਧਰਤੀ ਵਾਸਤੇ ਕੋਈ ਨਹੀਂ ਗੱਲ ਨਹੀਂ ਸੀ ਏਥੇ। ਬੜੇ ਦਿਨਾਂ ਤੋਂ ਮੁਜ਼ਾਹਮਤ ਦੇ ਗੀਤ ਉੱਗ ਰਹੇ ਸਨ। ਘਾਟਾ ਆਵਾਜ਼ ਦਾ ਸੀ। ਹਬੀਬ ਜਾਲਿਬ ਵਰਗੀ ਆਵਾਜ਼ ਜੋ ਵੱਡੇ-ਵੱਡੇ ਅਮੀਰਾਂ ਪ੍ਰਸ਼ਾਸ਼ਕਾਂ, ਸੇਠਾਂ, ਸਾਮਰਾਜਾਂ ਨੂੰ ਸੁੱਖ ਦੀ ਨੀਂਦਰ ਨਹੀਂ ਸੀ ਸੌਣ ਦਿੰਦੀ। ਉਹੋਂ ਆਵਾਜ਼ ਅੱਜ ਚੁੱਪ ਕਰ ਗਈ ਏ। ਕੋਈ ਘਾਟੇ ਜਿਹਾ ਘਾਟਾ। ਜਾਲਿਬ ਵਰਗਾ ਹੋਰ ਕੌਣ? ਕਦੋਂ ਹੋਵੇਗਾ?

ਅੱਜ ਸਾਡੇ ਕੋਲ ਜੋ ਬਚ ਗਿਆ, ਉਹ ਜਾਲਿਬ ਦਾ ਕਲਾਮ ਹੈ। ਕਲਾਮ ਦੀ ਇਕ ਤਾਰੀਖ਼ ਹੈ। ਇਕ ਅਹਿਦਨਾਮਾ। ਪਲ-ਪਲ, ਯੁੱਗ-ਯੁੱਗ ਲਫ਼ਜ਼ਾਂ ਅੰਦਰ ਪਰੋਸ ਕੇ ਰੱਖ ਲਈਆਂ ਗਈਆਂ ਸੱਚਾਈਆਂ। ਲੋਕਾਂ ਵੱਲ ਦੇ ਸੱਚ, ਹਾਕਮਾਂ ਦੇ ਵੱਲ ਦੇ ਝੂਠ, ਸੋਚ, ਅਹਿਸਾਸ, ਸੋਝੀ, ਸਿਆਸਤ, ਕੱਠੀ ਸੰਗ-ਜ਼ਨੀ (ਰੋੜੇ ਮਾਰਨੇ) ਉਹਨਾਂ ਉੱਤੇ ਜੋ ਆਪਣੇ ਤੋਪਖਾਨੇ ਦਾ ਮੂੰਹ ਹਰ ਵੇਲੇ ਸਾਈਂ ਦੀ ਝੁੱਗੀ ਵੱਲ ਰੱਖਦੇ ਸਨ। ਲੋਕ ਸਾਈਂ ਨੂੰ ਅੱਜ ਵੀ ਐਸੀ ਸ਼ਾਇਰੀ ਦੀ ਲੋੜ ਹੈ। ਹਬੀਬ ਜਾਲਿਬ ਦਾ ਕਲਾਮ ਮੁੜ ਕੇ ਆਪਣੀ ਆਵਾਜ਼ ਲੱਭ ਲਵੇਗਾ। ਕਿਉਂ ਜੋ ਉਸ ਆਵਾਜ਼ ਦੀ ਲੋੜ ਉਸੇ ਤਰ੍ਹਾਂ ਲੋਕਾਂ ਦੀਆਂ ਬਸਤੀਆਂ ਵਿਚ, ਜੇਲਾਂ ਅੰਦਰ, ਮਜ਼ਦੂਰਾਂ ਨੂੰ, ਗ਼ੁਲਾਮ ਕੌਮਾਂ ਤੇ ਬੇਵੱਸ ਔਰਤਾਂ ਨੂੰ ਹੈ। ਅੱਜ ਗਾਉਣ ਵਾਸਤੇ ਉਸੇ ਗੀਤ ਦੀ ਲੋੜ ਏ, ਉਸੇ ਜੁਰਅਤ, ਇਨਕਾਰ ਦੀ। ਕਾਲੇ ਕਾਨੂੰਨ, ਕਾਲੀਆਂ ਰਾਤਾਂ, ਬੇਨੂਰ ਸਵੇਰੇ, ਸੰਗਲ, ਸ਼ੂਲੀ, ਘੇਰੇ ਉਸੇ ਤਰ੍ਹਾਂ ਹਬੀਬ ਜਾਲਿਬ ਦੀਆਂ ਲੋੜਾਂ, ਉਸੇ ਤਰ੍ਹਾਂ। ਚੰਗਾ ਏ ਜੋ ਏਸ ਕਲਮ ਨੂੰ ਦਰਬਾਰੀ ਨਹੀਂ ਮੰਨਦੇ। ਉਸੇ ਤਰ੍ਹਾਂ ਜਿਵੇਂ ਜਾਲਿਬ ਆਪ ਦਰਬਾਰਾਂ ਦਸਤੂਰਾਂ ਨੂੰ ਨਹੀਂ ਸੀ ਮੰਨਦਾ। ਹੋਣਾ ਵੀ ਏਹੋ ਚਾਹੀਦਾ। ਲੋਕਾਂ ਤੇ ਸਰਕਾਰਾਂ ਵਿਚਕਾਰ ਮੰਨ ਮਨੌਤਾਂ ਕਦੇ ਹੋਈਆਂ ਨਾ ਹੋਣੀਆਂ ਨੇ। ਮਨਾਫ਼ਕਤ ਦੀ ਗੱਲ ਹੋਰ ਏ। ਉਹ ਜਾਲਿਬ ਨੂੰ ਨਾ ਮੰਨੇ, ਪਰ ਗੁਲਦਸਤਾ ਲੈ ਕੇ ਜ਼ਰੂਰ ਆਏ। ਹਾਕਮ ਜਾਲਿਬ ਨੂੰ ਠੀਕ ਤਰ੍ਹਾਂ ਮੰਨਦੇ ਆਏ। ਜੇਲ੍ਹ ਵਿਚ ਉਹਦੀ ਥਾਂ ਪੱਕੀ ਰੱਖਦੇ। ਉਹਦੀ ਸ਼ਾਇਰੀ ਦੀ ਤਾਕਤ ਕਿਸੇ ਤੋਪਖਾਨੇ ਕੋਲੋਂ ਵੱਧ ਸਮਝ ਕੇ ਰਸਤਾ ਡੱਕਦੇ। ਏਸੇ ਤਾਕਤ ਕੋਲੋਂ ਹਾਰ ਸਾਰੇ ਡਰ ਕੇ ਰਹਿੰਦੇ।

ਹੋਰ ਕੁਝ ਨਹੀਂ ਤਾਂ ਜਾਲਿਬ ਦੇ ਹਮਦਰਦ ਬਣ ਕੇ ਕੱਲ੍ਹ ਦੀਆਂ ਫ਼ਿਕਰਾਂ ਕਰਦੇ ਰਹਿੰਦੇ। ਕੌਣੀ ਪੁੱਛੇ ਵਧੀਆ ਸ਼ਾਇਰੀ ਕੀ ਏ, ਸ਼ਾਇਰੀ ਦੀ ਤਾਕਤ ਕੀ ਏ? ਸ਼ਾਇਰ ਕਲਾਮ ਸੁਣਾਵੇ ਤਾਂ ਲੋਕੀਂ ਕੀਲੇ ਜਾਣ, ਮੁਸ਼ਾਇਰਾ ਲੁੱਟਿਆ ਜਾਵੇ। ਦੁਸ਼ਮਣ ਸੜ ਕੇ ਸਵਾਹ ਹੋਏ। ਹਾਕਮ ਪੁਲਿਸ ਦੀ ਭਾਰੀ ਨਫ਼ਰੀ ਘੇਰਾ ਪਾਵੇ। ਡੀ.ਸੀ. ਇਲਾਕਾ ਓਟ ਕਰੇ। ਜਾਲਿਬ ਨਾਲ ਏਹੋ ਕੁਝ ਹੁੰਦਾ ਰਿਹਾ। ਉਹ ਪਹਾੜ ਬਣ ਕੇ ਸਹਿੰਦਾ ਰਿਹਾ। ਮੋਰਚਾ ਛੱਡ ਕੇ ਜਾਣਾ ਉਹਨੂੰ ਵਾਰਾ ਨਹੀਂ ਸੀ ਖਾਂਦਾ। ਭਾਵੇਂ ਆਪਣੀ ਪਾਲ ਵਿਚ ਕੱਲ੍ਹਾ ਸੀ, ਉਹਦੀ ਕੰਡ ਢੱਕਣ ਵਾਲਾ ਕੋਈ ਨਹੀਂ ਸੀ। ਪਰ ਉਹਦੀ ਆਵਾਜ਼ ਲੋਕਾਂ ਦੀ ਆਵਾਜ਼ ਬਣ ਗਈ ਹੋਈ ਸੀ। ਨੱਚ ਕੇ ਯਾਰ ਮਨਾਵਣ ਵਾਲੇ ਬੁੱਲ੍ਹੇ ਸ਼ਾਹ ਨੂੰ ਲੋਕਾਂ ਨੇ ਸਾਰਿਆਂ ਕੋਲੋਂ ਬਚਾ ਕੇ ਰੱਖ ਲਿਆ। ਵੇਲਾ, ਹਾਕਮ ਮੁਲਾਣੇ ਰਲ ਕੇ ਵੀ ਉਹਨੂੰ ਮਾਰ ਨਾ ਸਕੇ। ਜੰਜ਼ੀਰਾਂ ਪਾ ਕੇ ਲੋਕ ਰਾਜ ਦੀ ਧਮਾਲ ਨੱਚਣ ਵਾਲੇ ਹਬੀਬ ਜਾਲਿਬ ਨੂੰ ਕੌਣ ਭੁਲਾ ਸਕਦਾ। ਵੇਲਾ ਆਪ ਵੀ ਨਹੀਂ।

ਇਥੇ ਏਸ ਮੁਲਕ ਵਿਚ ਲੋਕਾਂ ਨੂੰ ਹਬੀਬ ਜਾਲਿਬ ਦੀ ਲੋੜ ਰਹਿਣੀ ਏ। ਕਿਉਂ ਜੋ ਏਥੇ ਲੋਕਾਂ ਦੀ ਆਜ਼ਾਦੀ ਜ਼ਬਤ ਏ। ਏਥੇ ਲੋਕਾਂ ਦੇ ਹੱਕ ਮਾਰੇ ਹੋਏ ਨੇ। ਏਥੇ-ਗੌਡੇ ਗੌਡੇ ਗਰੀਬੀ, ਨੱਕ-ਨੱਕ ਤੀਕ ਜ਼ਹਾਲਤ, ਸਿਰੋਂ ਉੱਚੀ ਬੰਦੇ ਦੀ ਮਜ਼ਬੂਰੀ ਚੜ੍ਹੀ ਹੋਈ ਏ। ਦੂਜੇ ਪਾਸੇ ਏਥੇ ਕਾਬਿਜ਼ ਤੇ ਜਾਬਰ ਤਬਕੇ ਵੀ ਹੁਣ ਜ਼ਾਲਿਮ ਲੁਟੇਰੇ ਵੀ। ਉਹਨਾਂ ਕੋਲ ਅੱਤ ਦੀ ਤਾਕਤ ਏ- ਸਟੇਟ ਦੀ ਤਾਕਤ, ਗੁੰਡੇ ਦੀ ਤਾਕਤ, ਬੇਖ਼ਬਰੀ ਤੇ ਬੇਇਲਮੀ ਦੀ ਤਾਕਤ। ਏਸ ਤਾਕਤ ਨੂੰ ਉਹ ਲੁੱਟਣ ਖੋਹਣ 'ਤੇ ਖ਼ਰਚ ਕਰਦੇ ਨੇ। ਬੇਇਨਸਾਫ਼ ਤੇ ਲੋਕਾਈ ਦੇ ਹੱਕਾਂ ਦੀ ਬਰਬਾਦੀ ਅਤੇ ਪੁਲਿਸ ਫੌਜ ਅਤੇ ਹੱਦੋਂ ਵਧੇ ਐਸ਼ ਵਾਸਤੇ। ਹਬੀਬ ਜਾਲਿਬ ਏਸ ਨਿਜ਼ਾਮ ਨੂੰ ਸਮਝਦਾ ਸੀ। ਏਸ ਦਾ ਤੋੜ ਵੀ ਜਾਣਦਾ ਸੀ। ਲੋਕਾਂ ਦੀ ਆਪਣੀ ਤਾਕਤ ਦਾ ਇਕੱਠ ਆਪਣਾ ਮੋਰਚਾ ਏਸ ਜ਼ਾਲਿਮ ਕਬਜ਼ੇ ਨੂੰ ਤੋੜ ਵੀ ਸਕਦਾ। ਨਵੇਂ ਸਿਰਿਓਂ ਦੁਨੀਆਂ ਦਾ ਦਸਤੂਰ ਬਦਲ ਵੀ ਸਕਦਾ। ਪਰ ਏਸ ਕੰਮ ਵਾਸਤੇ ਲੋਕਾਂ ਵਿਚ ਸੋਝੀ ਤੇ ਜਾਗ੍ਰਤੀ ਦੀ ਲੋੜ ਹੈ। ਇਹ ਕੰਮ ਸ਼ਾਇਰ ਦਾ ਵੀ ਹੈ, ਮੁਸੱਵਰ (ਚਿਤਰਕਾਰ) ਤੇ ਕਲਮਕਾਰ ਦਾ ਵੀ।

ਪਰ ਏਥੇ ਬੜਾ ਘਾਟਾ। ਅਜਿਹੇ ਸ਼ਾਇਰਾਂ, ਫ਼ਿਲਮਕਾਰਾਂ ਤੇ ਮਸ਼ੱਵਰਾਂ ਦਾ। ਲੋਕਾਂ ਵੱਲ ਦੇ ਸ਼ਾਇਰ, ਸੌ ਵਿਚੋਂ ਇਕ ਵੀ ਨਹੀਂ ਨਿਕਲਦਾ। ਏਥੇ ਫਨਕਾਰ (ਕਲਾਕਾਰ) ਦੀ ਥਾਂ ਸਥਾਪਤੀ ਦੇ ਨੌਕਰ ਚਾਕਰ ਖ਼ੁਸ਼ਾਮਦੀ, ਮਸਖ਼ਰੇ, ਮਰਾਸੀ ਜਿਹੇ ਹੁੰਦੇ ਹਨ। ਹਬੀਬ ਜਾਲਿਬ ਵਰਗਾ ਕੌਣ ਹੋਵੇਗਾ। ਉਹਨੇ ਤਾਂ ਆਪਣੀ ਜ਼ਿੰਦਗੀ ਦਾ ਪਲ-ਪਲ ਲੋਕਾਂ ਵਿਚਕਾਰ ਗੁਜ਼ਾਰਿਆ ਤੇ ਆਪਣੀ ਸ਼ਾਇਰੀ ਦਾ ਲਫ਼ਜ਼-ਲਫ਼ਜ਼ ਲੋਕਾਂ ਦੇ ਨਾਂ ਕਰ ਕੇ ਗਿਆ। ਸਦਾ ਸੱਚ ਲਿਖਿਆ, ਸੱਚ ਲਿਖਣ ਦੀ ਸਜ਼ਾ ਮਿਲੀ। ਉਹਨੇ ਸੱਚ ਤੋਂ ਇਨਕਾਰ ਨਹੀਂ ਕੀਤਾ। ਸਜ਼ਾ ਭੁਗਤਣ ਜੇਲ੍ਹ ਚਲਾ ਗਿਆ। ਉੱਥੇ ਜਾ ਕੇ ਜਾਲਿਬ ਨੇ ਚੱਕੀ 'ਪੀਠੀ ਕਿ ਨਹੀਂ, ਪਰ ਚੱਕੀ ਪੀਹਣ ਵਾਲਿਆਂ ਵਾਸਤੇ ਸ਼ਾਇਰੀ ਜ਼ਰੂਰ ਕੀਤੀ।

ਪਾਕਿਸਤਾਨੀ ਕਵੀ ਹਬੀਬ ਜਾਲਿਬ

ਨੋਟ : ਇਹ ਮੁਲਾਕਾਤ ਪਾਕਿਸਤਾਨ ਦੇ ਮਸ਼ਹੂਰ ਉਰਦੂ ਤੇ ਪੰਜਾਬੀ ਦੇ ਲੋਕ-ਕਵੀ ਹਬੀਬ ਜਾਲਿਬ ਦੇ 1989 ਵਿਚ ਭਾਰਤ ਆਉਣ ਉੱਤੇ ਉਰਦੂ ਦੇ ਲੇਖਕ ਸੁਹੇਲ ਵਾਹੀਦ ਨੇ ਕੀਤੀ ਸੀ। ਅਸਾਂ ਇਹ ਜਾਲਿਬ ਦੇ ਭਾਈ ਸਾਹਿਬ ਸਈਦ ਪ੍ਰਵੇਸ਼ ਦੀ ਸੰਪਾਦਤ ਕੀਤੀ ਜਾਲਿਬ ਦੀ ਪੰਜਾਬੀ ਸ਼ਾਇਰੀ ਦੀ ਪੁਸਤਕ **ਰਾਤ-ਕੁਲਹਿਣੀ** ਵਿਚੋਂ ਪ੍ਰਾਪਤ ਕੀਤੀ ਹੈ।

? ਪਾਕਿਸਤਾਨ ਵਿਚ ਹੋਣ ਵਾਲੀ ਹਕੂਮਤੀ ਤਬਦੀਲੀ ਬਾਰੇ ਤੁਹਾਡੀ ਕੀ ਰਾਏ ਹੈ?

– ਇਹ ਤਾਂ ਹੋਣੀ ਹੀ ਸੀ। ਆਖ਼ਰ ਕਦੋਂ ਤੱਕ ਡਿਕਟੇਟਰਸ਼ਿਪ ਚੱਲਦੀ। ਲੋਕਾਂ ਦੇ ਸੁਪਨੇ ਇਕ ਇਕ ਕਰਕੇ ਟੁੱਟਦੇ ਗਏ। ਕਿਸੇ ਦੇ ਵੀ ਸੁਫ਼ਨੇ ਪੂਰੇ ਨਾ ਹੋਏ। ਏਸ ਤਰ੍ਹਾਂ ਖੱਬੇ ਪੱਖੀ, ਸਮਾਜਵਾਦੀ ਤੇ ਲੋਕਾਈ ਦੀ ਤਾਕਤ ਇਕੱਠੀ ਹੋਈ ਤੇ ਇਹ ਤਬਦੀਲੀ ਆਈ।

? ਤੁਸੀਂ ਆਪਣੇ ਆਪ ਨੂੰ ਅਦਬੀ ਬਹੁਤਾ ਮੰਨਦਾ ਹੋ ਜਾਂ ਸਿਆਸੀ।

– ਹੁਣ ਕੀ ਦੱਸਿਆ ਜਾਵੇ। ਜੇ ਤਾਕਤਵਰ ਪਾਰਟੀ ਨੂੰ ਹੀ ਮੰਨ ਲਿਆ ਜਾਵੇ ਤਾਂ ਉਸ ਦੀ ਗੱਲ ਕਰਨੀ ਏ। ਉਸ ਦੇ ਗੁਣ ਗਾਉਣ ਲਈ ਸਭ ਕੁਝ ਲਿਖਣਾ ਪੜ੍ਹਨਾ ਹੈ ਤਾਂ ਬੇਕਾਰ ਹੈ। ਤਾਨਾਸ਼ਾਹੀ ਵਿਚ ਤਾਂ ਦਮ ਘੁਟਦਾ ਸੀ ਤਾਂ ਹੀ ਮੈਂ ਸ਼ਾਇਰੀ ਵਿਚ ਵੀ ਅਤੇ ਆਪਣੀ ਜ਼ਿੰਦਗੀ ਵਿਚ ਵੀ ਸਭ ਕੁਝ ਬਦਲਿਆ ਤੇ ਸ਼ਾਇਰੀ ਕੁਝ ਕਹਿਣਾ ਦਾ ਵਸੀਲਾ ਬਣੀ।

? ਤਾਂ ਕੀ ਤੁਸੀਂ ਸਮਝਦੇ ਹੋ ਕਿ ਬੇਨਜ਼ੀਰ ਦੀ ਹਕੂਮਤ ਤੋਂ ਜਿੰਨੀਆਂ ਉਮੀਦਾਂ ਕੀਤੀਆਂ ਜਾ ਰਹੀਆਂ ਸਨ, ਉਹ ਸਭ ਪੂਰੀਆਂ ਹੋਣਗੀਆਂ ਤੁਸੀਂ ਕੀ ਸੋਚ ਕੇ ਬੇਨਜ਼ੀਰ ਨਾਲ ਜੁੜੇ।

– ਉਸ ਪਾਸੇ ਤਾਂ ਅਸੀਂ ਜਾ ਹੀ ਨਹੀਂ ਸੀ ਸਕਦੇ। ਉਧਰ ਤਾਂ ਕੱਟੜ ਧਰਮ ਪ੍ਰਸਤ ਮੁਲਾਣੇ ਸਨ। ਮਜ਼ਹਬੀ ਸਿਆਸਤਦਾਨ ਬੰਦੇ ਸਨ। ਸਾਨੂੰ ਕਿਹਾ ਗਿਆ ਤੁਸੀਂ ਹਿੰਦੁਸਤਾਨੀ ਏਜੰਟ ਹੋ। ਅਸੀਂ ਕਿਹਾ, ਠੀਕ ਹੈ। ਕੋਈ ਗੱਲ ਨਹੀਂ। ਪਰ ਅਸੀਂ ਰਹਾਂਗੇ ਉਸੇ ਦੇ ਨਾਲ, ਜਿਹੜੀ ਆਜ਼ਾਦੀ ਦੇ ਗੀਤ ਗਏ, ਜੋ ਆਜ਼ਾਦੀ ਦਾ ਚਾਹਵਾਨ ਹੋਵੇਗਾ। ਜੋ ਅਵਾਮੀ ਤਬਦੀਲੀ ਦਾ ਚਾਹਵਾਨ ਹੋਵੇਗਾ। ਹੁਣ ਉਮੀਦਾਂ ਪੂਰੀਆਂ ਹੋਣ ਜਾਂ ਨਾ, ਇਹ ਵੱਖਰੀ ਗੱਲ ਹੈ।

? ਹੁਣ ਪਾਕਿਸਤਾਨ ਵਿਚ ਅਜੇ ਤੀਕਰ ਤੱਕ ਹਰ ਤਰ੍ਹਾਂ ਦੀ ਆਜ਼ਾਦੀ ਹੈ। ਏਸ ਹਾਲਤ ਵਿਚ ਤੁਹਾਡੀ ਨਵੀਂ ਲਹਿਰ ਕੀ ਹੋਵੇਗੀ।

– ਅਸੀਂ ਤਾਂ ਮਾਰ ਖਾ ਖਾ ਕੇ ਪਲੇ ਆਂ। ਅਸੀਂ ਚੁੱਪ ਤਾਂ ਕਦੇ ਰਹੇ ਨਹੀਂ ਅਤੇ ਨਾ ਹੀ ਰਹਾਂਗੇ। ਜਦੋਂ ਵੇਖਾਂਗੇ ਜਮਹੂਰੀਅਤ ਨੂੰ ਖ਼ਤਰਾ ਹੈ ਤਾਂ ਉਸ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਾਂਗੇ, ਪਰ ਇਨਸਾਫ਼ ਨਾਲ ਹੀ।

? ਪਾਕਿਸਤਾਨ ਦੇ ਸ਼ਾਇਰ ਜਿਵੇਂ ਕਿ ਤੁਸੀਂ ਪ੍ਰਵੀਨ ਸ਼ਾਕਰ, ਜਮੀਲ ਅਲਦੀਨ ਆਲੀ, ਜਮੀਲ ਜਾਲਬੀ, ਅਹਿਮਦ ਨਦੀਮ ਕਾਸਮੀ, ਹਮਾਬਤ ਅਲੀ ਸ਼ਾਇਰ ਅਤੇ ਨਵੇਂ ਸ਼ਾਇਰ ਜਿਹੜੇ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਆਪਣੀ ਸ਼ਾਇਰੀ ਵਿਚ ਕਰਦੇ ਹਨ, ਉਨ੍ਹਾਂ ਸ਼ਬਦਾਂ ਦਾ ਉਥੇ ਪਹੁੰਚਣ ਦਾ ਸੋਮਾ ਕੀ ਹੈ? ਜਦੋਂ ਕਿ ਹਿੰਦੁਸਤਾਨੀ ਸ਼ਾਇਰ ਅਜਿਹੇ ਸ਼ਬਦ ਨਹੀਂ ਵਰਤਦੇ।

– ਜਮੀਲ-ਅਲਦੀਨ ਅਲੀ ਵਿਚਾਰੇ ਦੀ ਤਾਂ ਮਜ਼ਬੂਰੀ ਹੈ, ਉਹ ਦੋਹੇ ਲਿਖਦਾ ਹੈ। ਬਾਕੀ ਦੇ ਸ਼ਾਇਰ ਉਹੀ ਜ਼ੁਬਾਨ ਵਰਤਦੇ ਹਨ, ਜਿਹੜੀ ਬੋਲੀ ਜਾਂਦੀ ਹੈ।

? ਮੈਂ ਪੁੱਛਿਆ ਕਿ ਸੋਮਾ ਕੀ ਹੈ? ਜਿਸ ਨਾਲ ਉਹ ਉਥੇ ਪਹੁੰਚਦੇ ਹਨ। ਕਿਉਂ ਜੋ ਐਥੋਂ ਦੇ ਉਰਦੂ ਵਿਚ ਇਹ ਸ਼ਬਦ ਨਹੀਂ ਵਰਤੇ ਜਾਂਦੇ?

– ਨਜ਼ੀਰ-ਅਕਬਰ ਆਬਾਦੀ ਅਤੇ ਫਿਰਾਕ ਗੋਰਖ ਪੁਰੀ ਇਹਨਾਂ ਸ਼ਬਦਾਂ ਦੀ ਖ਼ੂਬ ਵਰਤੋਂ ਕਰਦੇ ਹਨ। ਦੂਜੀ ਗੱਲ ਇਹ ਹੈ ਕਿ ਪੰਜਾਬੀ ਜ਼ੁਬਾਨ ਵਿਚ ਇਹ ਸ਼ਬਦ ਆਮ ਵਰਤੇ ਜਾਂਦੇ ਹਨ। ਫੇਰ ਹਿੰਦੁਸਤਾਨੀ ਫ਼ਿਲਮਾਂ ਤੋਂ ਵੀ ਇਹ ਸ਼ਬਦ ਲਏ ਜਾਂਦੇ ਹਨ। ਹੁਣ ਤਾਂ ਹਜ਼ਾਰਾਂ ਹਿੰਦੀ ਸ਼ਬਦ ਉਰਦੂ ਦੇ ਬਣ ਚੁੱਕੇ ਹਨ। ਘੁਲ ਮਿਲ ਗਏ ਹਨ।

? ਹਿੰਦੁਸਤਾਨੀ ਉਰਦੂ ਸ਼ਾਇਰੀ ਅਤੇ ਪਾਕਿਸਤਾਨੀ ਉਰਦੂ ਸ਼ਾਇਰੀ ਵਿਚ ਤੁਸੀਂ ਕੀ ਫ਼ਰਕ ਸਮਝਦੇ ਹੋ?

– ਕਿਸੇ ਤਰ੍ਹਾਂ ਵੀ ਨਹੀਂ। ਲੋਕਾਂ ਦੀ ਸ਼ਾਇਰੀ, ਸ਼ਾਇਰੀ ਹੁੰਦੀ ਹੈ। ਉਹ ਕਵੀ ਜਿਊਂਦਾ ਰਹਿੰਦਾ ਹੈ, ਜਿਹੜਾ ਲੋਕਾਂ ਲਈ ਸ਼ਾਇਰੀ ਕਰਦਾ ਹੈ। ਲੋਕਾਂ ਦੀ ਬੋਲੀ ਵਿਚ ਗੱਲ-ਬਾਤ ਕਰਦਾ ਹੈ। ਸ਼ਾਇਰੀ ਕਰਦਾ ਹੈ।

? ਪਾਕਿਸਤਾਨ ਵਿਚ ਮੁਸ਼ਾਇਰਿਆਂ ਬਾਰੇ ਕੁਝ ਦੱਸੋ?

– ਮੁਸ਼ਾਹਿਰੇ ਹੁੰਦੇ ਹਨ। ਹਕੂਮਤ ਹੁਣ ਕੋਈ ਅਦਬੀ ਮਹਿਫ਼ਿਲ ਨਹੀਂ। ਜਿਥੇ ਇਕ ਦੂਜੇ ਨੂੰ ਨੀਵਾਂ ਵਿਖਾਇਆ ਜਾਂਦਾ ਹੋਵੇ। ਪਤੰਗਾਂ ਦੇ ਪੇਚਾਂ ਵਾਂਗ। ਯਹੀਯਾ ਖ਼ਾਨ ਦੇ ਜ਼ਮਾਨੇ ਵਿਚ ਇਕ ਮੁਸ਼ਾਇਰਾ ਹੋਇਆ ਸੀ। ਮੈਨੂੰ ਜਦੋਂ ਉਥੇ ਨਜ਼ਮ ਪੜ੍ਹਨ ਲਈ ਕਿਹਾ ਗਿਆ ਤਾਂ ਮੈਂ ਉਹਨਾਂ ਦੀ ਤਸਵੀਰ ਜਿਹੜੀ ਸਾਹਮਣੇ ਲੱਗੀ ਸੀ ਵੱਲ ਇਸ਼ਾਰਾ ਕਰਦੇ ਹੋਇਆ ਕਿਹਾ,

å¹¿î ¶ êÇÔñ¶ ò¹Ô Ü¯ ÇÂǾ ôõ ïÔ åõå éôÄ ÅÍ ¹ Ǿ¯ í Áêé¶ õ¹çÅ Ô¯é¶ î¶ ÇÂåéÅ Ô ïǾÄ Í

ਏਸ ਤਰ੍ਹਾਂ ਮੁਸ਼ਾਇਰਾ ਖ਼ਤਮ ਹੋਇਆ ਤੇ ਹੰਗਾਮਾ ਖੜ੍ਹਾ ਹੋ ਗਿਆ। ਫੇਰ ਕੁਝ ਦਿਨਾਂ ਪਿਛੋਂ ਮੇਰੇ ਉੱਤੇ ਇਕ ਬਦਮਾਸ਼ ਨਾਲ ਝਗੜਾ ਕਰਨਾ ਅਤੇ ਚਾਕੂ ਮਾਰਨ ਦਾ ਇਲਜ਼ਾਮ ਲਾਇਆ ਤੇ ਜੇਲ੍ਹ ਵਿਚ ਬੰਦ ਕਰ ਦਿੱਤਾ। ਹੁਣ ਮੈਂ ਜਮਹੂਰੀਅਤ ਪਸੰਦ ਹਾਂ ਤਾਂ ਕੀ ਕਰਾਂ।[2]

? ਤੁਸੀਂ ਹੁਣੇ ਕਿਹਾ ਸੀ ਕਿ ਉਰਦੂ ਹਿੰਦੁਸਤਾਨ ਦੀ ਵੰਡ ਲਈ ਜ਼ਿੰਮੇਵਾਰ ਹੈ।

– ਕੋਈ ਜ਼ੁਬਾਨ ਵੰਡ ਦੀ ਜ਼ੁੰਮੇਵਾਰ ਨਹੀਂ ਹੁੰਦੀ। ਪਰ ਏਸ ਦਾ ਅਸਰ ਬਹੁਤ ਵੱਡਾ ਪੈਂਦਾ ਏ। ਸਾਡੇ ਅਤੇ ਬੰਗਾਲੀ ਨਾਲ ਏਹੋ ਕੁਝ ਹੋਇਆ ਉਸ ਖ਼ਿਲਾਫ਼ ਜ਼ਹਿਰ ਫੈਲਾਇਆ ਗਿਆ। ਹੌਲੀ ਹੌਲੀ ਹੁੰਦੇ ਕਰਦੇ ਬੰਗਾਲ ਅਲੱਗ ਹੋ ਗਿਆ।

? ਏਸ ਦਾ ਮਤਲਬ ਬੰਗਾਲੀ, ਬੰਗਲਾ ਦੇਸ਼ ਦੇ ਵੱਖ ਹੋਣ ਅਤੇ ਉਰਦੂ ਪਾਕਿਸਤਾਨ ਦੇ ਵੱਖ ਹੋਣ ਲਈ ਜ਼ਿੰਮੇਵਾਰ ਹੈ।

– ਗੱਲ ਇਹ ਨਹੀਂ। ਜ਼ੁਬਾਨਾਂ ਜੋੜਦੀਆਂ ਹਨ, ਵੱਖ ਨਹੀਂ ਕਰਦੀਆਂ। ਬੰਗਾਲ ਦੇ ਨਾਲ ਉਸ ਦੀਆਂ ਆਰਥਕ ਪ੍ਰੇਸ਼ਾਨੀਆਂ ਜ਼ਿਆਦਾ ਸਨ। ਰਾਜਸੀ ਅਤੇ ਭੂਗੋਲਕ ਵੀ, ਪਰ ਹਾਂ ਜ਼ੁਬਾਨ ਖ਼ਿਲਾਫ਼ ਜੋ ਜ਼ਹਿਰ ਉਗਲਿਆ ਗਿਆ, ਉਸ ਨਾਲ ਮਾਹੌਲ ਵਿਚ, ਬੰਗਾਲ ਦੇ ਵੱਖ ਹੋਣ ਵਿਚ ਆਸਾਨੀ ਹੋ ਗਈ। ਰਾਹ ਪੱਧਰਾ ਹੋ ਗਿਆ।

? ਪਾਕਿਸਤਾਨ ਵਿਚ ਕਿਹੜੇ ਕਿਹੜੇ ਹਿੰਦੁਸਤਾਨੀ ਸ਼ਾਇਰ ਤੇ ਲਿਖਾਰੀ ਪਸੰਦ ਕੀਤੇ ਜਾਂਦੇ ਹਨ।

– ਸਾਹਿਰ ਲੁਧਿਆਣਵੀ ਮਕਬੂਲ ਹੈ ਉਂਜ ਤਾਂ ਕੈਫ਼ੀ ਆਜ਼ਮੀ ਸਰਦਾਰ ਜਾਫ਼ਰੀ, ਮਜਰੂਹ ਸੁਲਤਾਨਪੁਰੀ ਜਾਂਨਿਸਾਰ ਅਖ਼ਤਰ, ਖ਼ੁਮਾਰ ਬਾਰਾਬਾਂਕਵੀ ਆਦਿ ਸ਼ਾਇਰਾਂ ਅਤੇ ਕਹਾਣੀਕਾਰਾਂ ਵਿਚੋਂ ਸਭ ਤੋਂ ਬਹੁਤਾ ਰਾਜਿੰਦਰ ਸਿੰਘ ਬੇਦੀ ਪੜ੍ਹੇ ਜਾਂਦੇ ਹਨ। ਪਸੰਦ ਕੀਤੇ ਜਾਂਦੇ ਹਨ। ਇਸਮਤ ਚੁਗਤਾਈ ਅਤੇ ਹੁਣ ਵਾਜਦਾ ਤਬੱਸਮ ਵੀ ਪੜ੍ਹੀ ਜਾਂਦੀ ਹੈ।

? ਤੁਹਾਡੀ ਨਜ਼ਰ ਵਿਚ ਕਾਮਯਾਬ ਸ਼ਾਇਰ ਕਿਹੜਾ ਏ।

– ਜਿਹੜਾ ਲੋਕਾਂ ਦੀ ਜ਼ੁਬਾਨ ਵਿਚ ਲੋਕਾਂ ਦੇ ਮਸਲੇ ਅਤੇ ਅਜਿਹੇ ਮਸਲੇ ਜਿਹਨਾਂ ਨੂੰ ਲੋਕ ਆਪ ਨਹੀਂ ਦੱਸ ਸਕਦੇ ਅਤੇ ਆਪਣੇ ਦਰਦ ਨੂੰ ਸੀਨੇ ਵਿਚ ਲੁਕਾਈ ਰੱਖਦੇ ਹਨ ਅਤੇ ਜਦੋਂ ਸ਼ਾਇਰ ਗੱਲ ਕਹਿੰਦਾ ਹੈ ਤਾਂ ਕਰੋੜਾਂ ਲੋਕਾਂ ਦੀ ਤਰਜਮਾਨੀ ਹੁੰਦੀ ਹੈ। ਕਦੇ ਫ਼ੈਜ਼ ਨੇ ਕਿਹਾ ਸੀ ਕਿ "ਵਾਹ! ਇੰਤਜ਼ਾਰ ਥਾ" ਅਤੇ ਉਹੀ ਲੋਕ ਦਾਦ ਹਾਸਲ ਕਰਦੇ ਹਨ,

ਜੋ ਨਜ਼ਮ ਕਹਿੰਦੇ ਹਨ। ਜਿਹੜੀ ਦੂਰ ਦੂਰ ਤੱਕ ਪਹੁੰਚੇ।

? ਫ਼ੈਜ਼ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਓੜਕ ਸਮਝੌਤਾ ਕਰ ਲਿਆ ਸੀ ਅਤੇ ਰੋਮਾਂਟਿਕ ਸ਼ਾਇਰੀ ਕਰਨ ਲੱਗੇ ਸਨ।

– ਫ਼ੈਜ਼ ਨੇ ਆਪਣੀ ਸ਼ਾਇਰੀ ਵਿਚ ਕਿਧਰੇ ਵੀ ਸਮਝੌਤਾ ਨਹੀਂ ਕੀਤਾ। ਉਹਨਾਂ ਦੀ ਸ਼ਾਇਰੀ ਪੁਖ਼ਤਾ (ਪਰਪੱਕ) ਹੈ। ਲੋਕਾਂ ਲਈ ਸ਼ਾਇਰੀ ਹੈ। ਉਂਝ ਤਾਂ ਹਰ ਇਕ ਬੰਦੇ ਦੇ ਵੱਖ-ਵੱਖ ਹਾਲਾਤ ਹੁੰਦੇ ਹਨ, ਪਰ ਫ਼ੈਜ਼ ਨੇ ਮੇਰੀ ਸਮਝ ਵਿਚ ਕਿਧਰੇ ਸਮਝੌਤਾ ਨਹੀਂ ਕੀਤਾ।

? ਪਾਕਿਸਤਾਨ ਦੀ ਨਵੀਂ ਸ਼ਾਇਰੀ ਬਾਰੇ ਤੁਹਾਡੀ ਕੀ ਰਾਏ ਹੈ।

– ਚੰਗੀ ਹੈ, ਕਿਉਂ ਜੋ ਇਕ ਲੰਮੇ ਅਰਸੇ ਤੱਕ ਘੁਟਣ ਦਾ ਮਾਹੌਲ ਰਿਹਾ ਹੈ, ਉਸੇ ਕਾਰਨ ਲੋਕਾਂ ਨੇ ਵੱਖ-ਵੱਖ ਢੰਗਾਂ ਨਾਲ ਆਪਣੀ ਗੱਲ ਕਹੀ ਹੈ। ਉਸੇ ਘੁੱਟਣ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਨਵੇਂ ਤਜ਼ਰਬੇ ਹੋਏ ਹਨ। ਜਿਹੜੇ ਚੰਗੇ ਰਹੇ ਹਨ। ਹੁਣ ਨਵੀਂ ਪਾਕਿਸਤਾਨੀ ਸ਼ਾਇਰੀ ਵਿਚ ਨਿਖਾਰ ਆਇਆ ਹੈ।

(ਜੂਨ 1989)

ਸ਼ਰਧਾਂਜਲੀ

ਤੇਰੇ ਬਾਅਦ

-¾ïç êÌò¶÷
ÜÅÇñì çÅ Û¯àÅ íÅÂ

ਕੌਨ ਕਹੇਗਾ, ਦਰਦ-ਫਸਾਨੇ ਤੇਰੇ ਬਾਅਦ।
ਕੈਸੇ ਕਟੇਂਗੇ ਗ਼ਮ ਕੇ ਜ਼ਮਾਨੇ ਤੇਰੇ ਬਾਅਦ।

ਸਰ ਕੋ ਉਠਾ ਕਰ ਚਲਤੇ ਰਹਿਨਾ ਸੁਬਹ-ਤਲਕ,
ਕੌਨ ਆਏਗਾ ਯੇਹ ਸਮਝਾਨੇ ਤੇਰੇ ਬਾਅਦ।

ਜ਼ਾਲਮ ਖ਼ੁਸ਼ ਹੈ, ਕੋਈ ਨਹੀਂ ਅਬ ਆਏਗਾ,
ਖ਼ਵਾਬੋਂ ਸੇ ਲੋਗੋਂ ਕੇ ਜਗਾਨੇ ਤੇਰੇ ਬਾਅਦ।

ਸਾਦੇ ਸਾਦ ਲਹਿਜੇ ਮੇਂ ਲੋਗੋਂ ਕੀ ਬਾਤ,
ਕੌਨ ਕਰੇਗਾ, ਕੋਈ ਨਾ ਜਾਨੇ, ਤੇਰੇ ਬਾਅਦ।

ਦੂਰ ਤਲਕ ਸੰਨਾਟਾ ਹੈ, ਕੌਨ ਆਏਗਾ,
ਆਪਨੇ ਲਹੂ ਕੇ ਦੂਪ ਜਲਾਨੇ ਤੇਰੇ ਬਾਅਦ।

ਤੂੰ ਜੋ ਗਿਆ, ਤੋ ਯਾਦ ਹਮੇਂ ਫਿਰ ਆਏ ਬਹੁਤ,
ਬਿਛੜੇ ਹੂਏ ਸਭ ਯਾਰ ਪੁਰਾਨੇ ਤੇਰੇ ਬਾਅਦ।

ਗ਼ਜ਼ਲ

ਜਾਲਿਬ ਸਾਈਂ ਕਦੇ ਕਦਾਈਂ, ਚੰਗੀ ਗੱਲ ਕਹਿ ਜਾਂਦਾ ਏ।
ਲੱਖ ਪੂਜੋ ਚੜ੍ਹਦੇ ਸੂਰਜ ਨੂੰ, ਆਖ਼ਰ ਇਹ ਲਹਿ ਜਾਂਦਾ ਏ।

ਬਾਝ ਤੇਰੇ ਓ ਦਿਲ ਦੇ ਸਾਥੀ, ਦਿਲ ਦੀ ਹਾਲਤ ਕੀ ਦੱਸਾਂ,
ਕਦੀ ਕਦੀ ਇਹ ਥੱਕਿਆ ਰਾਹੀ, ਰਸਤੇ ਵਿਚ ਬਹਿ ਜਾਂਦਾ ਏ।

ਸਾਂਦਲ ਬਾਰ ਵਸੇਂਦੀਏ ਹੀਰੇ, ਵੱਸਦੇ ਰਹਿਣ ਤੇਰੇ ਹਾਸੇ,
ਦੋ ਪਲ ਤੇਰੇ ਗ਼ਮ ਦਾ ਪ੍ਰਾਹੁਣਾ, ਅੱਖੀਆਂ ਵਿਚ ਰਹਿ ਜਾਂਦਾ ਏ।

ਹਾਏ ਦੋਆਬੇ ਦੀ ਉਹ ਦੁਨੀਆਂ, ਜਿੱਥੇ ਸੁਹਬਤ ਵੱਸਦੀ ਸੀ,
ਹੰਝੂ ਬਣ ਕੇ ਦੁੱਖ ਵਤਨਾਂ ਦਾ, ਅੱਖੀਆਂ 'ਚੋਂ ਵਹਿ ਜਾਂਦਾ ਏ।

ਫਜ਼ਰੇ ਉਹ ਚਮਕਾਉਂਦਾ ਡਿੱਠਾ, 'ਜਾਲਬ' ਸਾਰੀ ਦੁਨੀਆਂ ਨੂੰ,
ਰਾਹੀਂ ਜਿਹੜਾ ਸੇਕ ਦੁੱਖਾਂ ਦੇ, ਹੱਸ ਹੱਸ ਕੇ ਸਹਿ ਜਾਂਦਾ ਏ।

ਵਿੱਛੜੇ ਦਿਲ ਵੀ ਮਿਲ ਸਕਦੇ ਨੇ

ਦਿਲ ਦੀ ਕਾਲਖ
ਹੰਝੂਆਂ ਨਾਲ ਈ ਧੁਲ ਸਕਦੀ ਏ

ਜ਼ਖ਼ਮ ਜਿਗਰ ਦੇ ਧੋ ਆਵੀਂ
ਹੰਝੂਆਂ ਨਾਲ ਈ ਸਿਲ ਸਕਦੇ ਨੇ
ਵਿਛੜੇ ਦਿਲ ਵੀ ਮਿਲ ਸਕਦੇ ਨੇ
ਰੋ ਆਈਂ
ਨਫ਼ਰਤ ਦੀ ਅੱਗ
ਹੰਝੂਆਂ ਨਾਲ ਹੀ ਬੁਝ ਸਕਦੀ ਏ

ਅੱਖੀਆਂ ਦੇ ਹੰਝੂ ਭਰ ਕੇ
ਪਿਆਰ ਦੀ ਠੰਡਕ
ਬੋ ਆਵੀਂ।

ਦਿਲ ਦੀ ਕਾਲਖ
ਹੰਝੂਆਂ ਨਾਲ ਈ ਧੁਲ ਸਕਦੀ ਏ
ਧੋ ਆਵੀਂ।

ਕੁਝ ਸ਼ਿਅਰ

ਉੱਚੀਆਂ ਕੰਧਾਂ ਵਾਲਾ ਅਰਸ਼ੀ ਰੋ ਲੈਂਦੇ ਸਾਂ ਖੁੱਲ੍ਹ ਕੇ।
ਐਸੀ 'ਵਾ ਵਗਾਈ ਓ ਰੱਬਾ ਰਹਿ ਗਈ ਜਿੰਦੜੀ ਰੁਲ ਕੇ।

ਚਾਰ ਚੁਫ਼ੇਰੇ ਦਰਦ ਹਨੇਰੇ, ਹੰਝੂ ਡੇਰੇ ਡੇਰੇ,
ਦੁਖਿਆਰੇ ਵਣਜਾਰੇ ਆ ਗਏ, ਕਿਧਰੇ ਰਸਤਾ ਭੁੱਲ ਕੇ।

ਯਾਦ ਆਈ ਕੁਝ ਹੋਰ ਵੀ ਤੇਰੇ ਸ਼ਹਿਰ ਦੀਆਂ ਬਰਸਾਤਾਂ,
ਹੋਰ ਵੀ ਚਮਕੇ ਦਾਗ਼ ਦਿਲਾਂ ਦੇ, ਨਾਲ ਅਸ਼ਕਾਂ ਦੇ ਧੁਲ ਕੇ।

ਆਪਣੀ ਗੱਲ ਨਾ ਛੱਡੀਂ 'ਜਾਲਬ' ਸ਼ਾਇਰ ਕੁਝ ਵੀ ਆਖਣ,
ਆਪਣੀ ਰੰਗਤ ਖੋ ਬਹਿੰਦੇ ਨੇ, ਰੰਗ ਰੰਗਾਂ ਵਿਚ ਰਲ ਕੇ।

ਰਾਤ-ਕੁਲਹਿਣੀ

ਦੁਨੀਆਂ ਭਰ ਦੇ ਕਾਲੇ ਚਿੱਟੇ ਚੋਰ ਲੁਟੇਰੇ
ਸੋਚੀਂ ਪੈ ਗਏ
ਕੀ ਹੋਵੇਗਾ ਰਾਤ ਜੇ ਮੁੱਕ ਗਈ
ਜੇ ਧਰਤੀ ਦੇ ਕਾਮਿਆਂ ਅੱਗੇ
ਗਰਦਨ ਝੁਕ ਗਈ
ਰਾਤ ਨੂੰ ਰੋਕੋ
ਰੌਸ਼ਨੀਆਂ ਦੇ ਹੜ੍ਹ ਦੇ ਅੱਗੇ
ਉੱਚੀਆਂ ਉੱਚੀਆਂ ਕੰਧਾਂ ਚੁੱਕੋ
ਰਾਤ ਨੂੰ ਰੋਕੋ

ਹੜ੍ਹ ਦੀ ਗੂੰਜ ਤੇ ਘੂਕਰ ਸੁਣ ਕੇ
ਤਾਜ਼ਾਂ ਤੇ ਤਖ਼ਤਾਂ ਦੀ ਦੁਨੀਆਂ
ਕੰਬ ਉੱਠੀ ਏ
ਇਕ-ਮੁੱਠੀ ਏ

ਜਦੋਂ ਇਹਨਾਂ ਦੀ ਲੁੱਟ-ਖਸੁੱਟ ਨੂੰ ਖ਼ਤਰਾ ਪੈਂਦਾ
ਰੱਬ ਰਸੂਲ ਨੂੰ ਖ਼ਤਰੇ ਦੇ ਵਿਚ ਪਾ ਦਿੰਦੇ ਨੇ
ਰੱਬ ਰਸੂਲ ਦੇ ਹੁਕਮ ਦੇ ਨਾਲ ਇਹ ਰਹਿਣ ਨਈਂ ਲੱਗੇ
ਖ਼ੂਨੀ ਕਾਤਲ, ਚੋਰ ਲੁਟੇਰੇ, ਕਾਲੇ ਬੱਗੇ
ਜਾਬਰ ਭਾਵੇਂ ਲੱਖ ਇਕੱਠੇ ਹੋ ਹੋ ਬਹਿਣ
ਨਹੀਂ ਹੁਣ ਰਹਿਣੀ
ਰਾਤ ਕੁਲਹਿਣੀ।

ਗ਼ਜ਼ਲ

ਜ਼ਿੰਦਾਨਾਂ ਦੇ ਦਰ ਨਹੀਂ ਖੁੱਲ੍ਹਦੇ, ਹੰਝੂਆਂ 'ਹਾਵਾਂ ਨਾਲ।
ਸੱਜਣਾ ਇਹ ਤਾਂ ਖੁੱਲ੍ਹਣਗੇ, ਲੋਹੇ ਦੀਆਂ ਬਾਹਾਂ ਨਾਲ।

ਵੇਖ ਜ਼ਮਾਨਾ ਗੱਲ ਕਰਦਾ ਏ, ਅੱਜ ਹਵਾਵਾਂ ਨਾਲ,
ਮੰਜ਼ਿਲ ਤੇਰੇ ਹੱਥ ਨਈਂ ਆਉਣੀ, ਸਿਰਫ਼ ਦੁਆਵਾਂ ਨਾਲ।

ਨਾ ਭੁੱਲ ਸਕਿਆਂ, ਨਾ ਭੁੱਲ ਸਕਦਾਂ, ਬਿਆਸ ਦੇ ਕੰਢੇ ਨੂੰ,
ਸਦਾ ਰਹੇਗੀ ਯਾਦ ਉਹਨਾਂ ਦੀ, ਮੇਰਿਆਂ ਸਾਹਵਾਂ ਨਾਲ।

ਇਕੋ ਰੁੱਖ ਅੱਖਾਂ ਵਿਚ ਵੱਸਿਆ ਕੋਈ ਨਾ ਦਿਸਿਆ ਫੇਰ,
ਸਾਡਾ ਰਾਹ ਬਦਲ ਸਕਦਾ ਏ, ਕੌਣ ਅਦਾਵਾਂ ਨਾਲ।

ਖੌਫ਼ ਦਾ ਸਾਇਆ ਜ਼ਿਹਨ ਆਪਣੇ ਦੇ ਆਉਣ ਨਾ ਦਿੱਤਾ ਕੋਲ,
ਧੰਨ ਜਿਗਰਾ ਸਾਡਾ ਵੀ ਜਾਲਬ ਰਹੇ ਬਲਾਵਾਂ ਨਾਲ।

(îÁ òÀñ Ü¶ñ· ÇòÚ ÇñÖ ×Â)

ਜਿੰਦਾਨਾਂ – ਜੇਲਾਂ

✱

ਚੁੱਪ ਕਰ ਮੁੰਡਿਆ ਨਾ ਮੰਗ ਰੋਟੀਆਂ,
ਖਾਏਂਗਾ ਜ਼ਮਾਨੇਂ ਹੱਥੋਂ ਨਈਂ ਤੇ ਸੋਟੀਆਂ।
ਦੜ ਵੱਟ ਕੇ ਤੂੰ ਕੱਟ ਏਥੇ ਦਿਨ ਚਾਰ,
ਸਦੀਆਂ ਤੋਂ ਭੁੱਖੇ ਲੋਕੀਂ ਖਾਂਦੇ ਆਏ ਮਾਰ
ਇਕ ਮੁੱਕੀ ਚੁੱਕ ਲੈ ਦੂਸਰੀ ਤਿਆਰ।

ਦਿਲਾਂ ਵਿਚ ਜਿੰਨ੍ਹਾਂ ਦੇ ਮੁਹੱਬਤਾਂ ਦਾ ਨੂਰ।
ਜਾਣ ਠੁਕਰਾਏ ਬਿਨਾ ਕੀਤਿਆਂ ਕਸੂਰ।
ਰਹਿਣ ਸੁਖੀ ਵੱਸਦੇ ਬਲੈਕੀਆਂ ਦੇ ਯਾਰ।
ਸਦੀਆਂ ਤੋਂ ਭੁੱਖੇ ਲੋਕੀਂ ਖਾਂਦੇ ਆਏ ਮਾਰ।
ਇਕ ਮੁੱਠੀ ਚੁੱਕ ਲੈ, ਤੇ ਦੂਸਰੀ ਤਿਆਰ।

✱

ਏਧਰ ਘੋੜਾ, ਓਧਰ ਗਾਂ
ਦੱਸ ਬੰਦਿਆਂ ਮੈਂ ਕਿਧਰ ਜਾਂ

ਏਧਰ ਮੁੱਲਾਂ ਦੀ ਛਾਉਣੀ ਹੈ।
ਓਧਰ ਪੰਡਤ ਦੀ ਤੌਣੀ ਹੈ।

ਏਧਰ ਗਲ ਅਗਰ ਮੰਦਾ ਏ
ਓਧਰ ਵੀ ਤੇ ਭੁੱਖ ਚੌਣੀ ਏ

ਆਵੇ ਕਿਤੇ ਨਾ ਸੁੱਖ ਦਾ ਸਾਹ
ਦੱਸ ਬੰਦਿਆਂ ਮੈਂ ਕਿੱਧਰ ਜਾਂ

ਬਾਜ਼ ਆ ਜਾਓ

ਹੁਣ ਵੀ ਬਾਗ਼ ਚੁਫ਼ੇਰਿਉਂ ਲੂਸਦਾ ਏ,
ਕਾਲਾ ਸੱਪ ਸਾਡਾ ਲਹੂ ਚੂਸਦਾ ਏ।

ਆਪ ਸਾੜ ਕੇ ਆਪਣੇ ਆਹਲ੍ਹਣੇ ਨੂੰ,
ਅਸਾਂ ਆਖਣਾ ਦੋਸ਼ ਇਹ ਰੂਸ ਦਾ ਏ।

ਧੀ ਕੰਮੀ ਦੀ

ਧੀ ਕੰਮੀ ਦੀ
ਵੱਡੇ ਘਰ ਵਿਚ ਬੁੱਤੀਆਂ ਕਰਦੀ
ਹੰਝੂ ਪੀਂਦੀ, ਹਉਕੇ ਭਰਦੀ
ਨਾ ਇਹ ਜੀਂਦੀ, ਨਾ ਇਹ ਮਰਦੀ।

ਬੁੱਢੇ ਖਾਨ ਦਾ ਹੁੱਕਾ
ਦਿਨ ਵਿਚ ਸੌ ਸੌ ਵਾਰੀ ਤਾਜ਼ਾ ਕਰਦੀ।

ਖਾਨ ਦਾ ਪੁੱਤਰ
ਬੈਠਕ ਦੇ ਵਿਚ ਹਾਸੇ ਭਾਣੇ
ਬਾਂਹ ਫੜ ਲੈਂਦਾ
ਐਵੇਂ ਹੱਸਦਾ, ਐਵੇਂ ਖਹਿੰਦਾ
ਕੀ ਦੱਸਾਂ ਉਹ ਕੀ ਕੀ ਕਹਿੰਦਾ
ਅੱਧੀ ਰਾਤੀਂ ਛੋਟੀ ਬੀਵੀ ਕਹਿੰਦੀ
ਉੱਠ ਤਕੀਏ ਵੱਲ ਚੱਲੀਏ
ਜੇ ਕੰਮੀਂ ਨੇ ਪਿੰਡ ਵਿਚ ਰਹਿਣਾ
ਫੇਰ ਇਹ ਸਭ ਕੁਝ ਕਰਨਾ ਪੈਣਾ।

ਗੱਲ ਸੁਣ ਚੱਪਣਾ

ਗੱਲ ਸੁਣ ਚੱਪਣਾ
ਰਾਜ ਲਿਆ ਅਪਣਾ
ਵੱਡਿਆਂ ਵਡੇਰਿਆਂ ਦਾ
ਜ਼ਾਲਮਾਂ ਲੁਟੇਰਿਆਂ ਦਾ
ਛੱਡ ਨਾਂ ਜਪਣਾ
ਗੱਲ ਸੁਣ ਚੱਪਣਾ
ਰਾਜ ਲਿਆ ਆਪਣਾ।

ਗੋਰੇ ਚਿੱਟੇ ਸਾਹਬਾਂ ਕੋਲੋਂ
ਕਾਲਿਆਂ ਨਵਾਬਾਂ ਕੋਲੋਂ
ਬਚ ਇਹਨਾਂ ਅਜ਼ਾਬਾਂ ਕੋਲੋਂ
ਨਹੀਂ ਤਾਂ ਮੈਨੂੰ ਮੁੱਦਤਾਂ
ਪਵੇਗਾ ਕਲਪਣਾ
ਗੱਲ ਸੁਣ ਚੱਪਣਾ

ਸ਼ਰ੍ਹਾ ਦਿਆਂ ਪੋਤਿਆਂ ਨੇ
ਪੋਤਿਆਂ ਪੜਪੋਤਿਆਂ ਨੇ
ਰੈਕਣਾਂ ਦੇ ਤੋਤਿਆਂ ਨੇ
ਕੁਝ ਤੈਨੂੰ ਦਿੱਤਾ ਵੇ
ਐਵੇਂ ਪਿਆ ਟੱਪ ਨਾ
ਗੱਲ ਸੁਣ ਚੱਪਣਾ

ਬੰਦੇ ਨਹੀਂ ਇਹ ਪਿਆਰ ਦੇ
ਐਵੇਂ ਤੈਨੂੰ ਚਾਰਦੇ
ਝੂਠ ਪਏ ਮਾਰਦੇ
ਹੋਸ਼ ਕਰ ਪਾਗਲਾ
ਚੱਲ ਪਾ ਖੱਪ ਨਾ
ਗੱਲ ਸੁਣ ਚੱਪਣਾ
ਰਾਜ ਲਿਆ ਆਪਣਾ

ਬੂਟਾਂ ਦੀ ਸਰਕਾਰ

ਡਾਕੂਆਂ ਦਾ ਜੇ ਸਾਥ ਨਾ ਦੇਂਦਾ
ਪਿੰਡ ਦਾ ਪਹਿਰੇਦਾਰ।
ਅੱਜ ਪੈਰੀਂ ਜ਼ੰਜੀਰ ਨਾ ਹੁੰਦੀ
ਜਿੱਤ ਨਾ ਬਣ ਦੀ ਹਾਰ।

ਪੱਗਾਂ ਆਪਣੇ ਗਲ ਵਿਚ ਪਾ ਲਓ,
ਟੁਰੋ ਪੇਟ ਦੇ ਭਾਰ।
ਚੜ੍ਹ ਜਾਏ ਤੇ ਮੁਸ਼ਕਿਲ ਲਹਿੰਦੀ,
ਬੂਟਾਂ ਦੀ ਸਰਕਾਰ।

(Üéðñ ïÔïÅ ÖÅé ç¶ ç½ð ÇòÚ ÇñÖ ×Â)

ਮਾਂ ਬੋਲੀ

ਪੁੱਤਰਾਂ ਤੇਰੀ ਚਾਦਰ ਲਾਹੀ।
ਹੋਰ ਕਿਸੇ ਦਾ ਦੋਸ਼ ਨਾ ਮਾਈ।
ਗ਼ੈਰਾਂ ਕ੍ਰੋਧ ਦੀ ਉਹ ਅੱਗ ਬਾਲੀ।
ਸੀਨੇ ਹੋ ਗਏ ਪਿਆਰ ਤੋਂ ਖ਼ਾਲੀ।

ਪੁੱਤਰਾਂ ਨੂੰ ਤੂੰ ਲੱਗੇਂ ਗਾਲੀ।
ਤੈਨੂੰ ਬੋਲਣ ਤੋਂ ਸ਼ਰਮਾਣ।
ਗ਼ੈਰਾਂ ਐਸੀ 'ਵਾ ਵਗਾਈ।
ਪੁੱਤਰਾਂ ਤੇਰੀ ਚਾਦਰ ਲਾਹੀ।

ਇਹਨਾਂ ਕੋਲ ਜ਼ਮੀਨਾਂ ਵੀ ਨੇ।
ਇਹਨਾਂ ਹੱਥ ਸੰਗੀਨਾਂ ਵੀ ਨੇ।
ਦੌਲਤ, ਬੈਂਕ, ਮਸ਼ੀਨਾਂ ਵੀ ਨੇ।
ਨਾ ਇਹ ਤੇਰੇ, ਨਾ ਇਹ ਮੇਰੇ।

ਇਹ ਲੋਕੀਂ ਯੂਸਫ਼ ਦੇ ਭਾਈ
ਪੁੱਤਰਾਂ ਤੇਰੀ ਚਾਦਰ ਲਾਹੀ।
ਹੋਰ ਕਿਸੇ ਦਾ ਦੋਸ਼ ਨਾ ਮਾਈ।

ਇਕ ਮਜਬੂਰ ਔਰਤ ਦਾ ਗੀਤ

ਜਿੰਦ ਵਾਂਗ ਸ਼ਮ੍ਹਾਂ ਦੇ ਮੇਰੀ ਏ,
ਰਾਤਾਂ ਨੂੰ ਜਲਾਇਆ ਜਾਂਦਾ ਏ।

ਦਿਨ ਚੜ੍ਹਿਆਂ ਬੁਝਾਇਆ ਜਾਂਦਾ ਏ,
ਇੰਝ ਜਸ਼ਨ ਮਨਾਇਆ ਜਾਂਦਾ ਏ।

ਇਹ ਖੇਡ ਏ ਸਾਰੀ ਦੌਲਤ ਦੀ,
ਦੱਸੋ ਕੀ ਖ਼ਤਾ ਏ ਔਰਤ ਦੀ।

ਇਕ ਮਹਿਲਾਂ ਦੇ ਵਿਚ ਰਾਜ ਕਰੇ,
ਇਕ ਨੂੰ ਨਚਵਾਇਆ ਜਾਂਦਾ ਏ।
ਇੰਝ ਜਸ਼ਨ ਮਨਾਇਆ ਜਾਂਦਾ ਏ।

ਢੋਲ ਸਿਪਾਹੀ

ਇਕੋ ਕੋਠਾ ਉਹ ਵੀ ਚੋਵੇ
ਟਿਪ ਟਿਪ, ਟਿਪ ਟਿਪ, ਟਿਪ ਟਿਪ ਹੋਵੇ
ਦੁਖੀਆ ਜਾਗੇ, ਕਿਸਮਤ ਸੌਂਵੇ।

ਪਿਆਰ ਨਿਸ਼ਾਨੀ ਸੀਨੇ ਲਾ ਕੇ
ਯਾਦਾਂ ਦੇ ਦਰਵਾਜ਼ੇ ਉਤੇ
ਵਹੁਟੀ ਬਣ ਕੇ ਆਣ ਖਲੋਵੇ
ਅੱਜ ਤੋੜੀਂ ਆਇਆ ਨਾ ਮਾਹੀ
ਦਿਲ ਦਾ ਜਾਨੀ, ਢੋਲ ਸਿਪਾਹੀ

ਕੋਈ ਨਾ ਜਾਣੇ ਵੱਲ ਪਿਆਰ ਦਾ

ਪੱਥਰ ਦਿਲ ਏ ਲੋਕ
ਪੀਂਦਾ ਨਾ ਤੇ ਜੀਊਂਦਾ ਨਾ

ਮੈਂ ਕਿਸੇ ਆਦਮੀ ਦਾ, ਲਹੂ ਤੇ ਨਹੀਂ ਉਛਾਲਿਆ
ਕਿਸੇ ਦਾ ਬੁਝਾ ਦੀਵਾ, ਆਪਣਾ ਤੇ ਨਹੀਂ ਬਾਲਿਆ
ਮੈਨੂੰ ਪਤਾ ਤੁਸੀਂ ਏਥੇ ਜਿਹੜੀ ਅੰਨ੍ਹੀ ਪਾਈ ਏ
ਕੀ ਹੋਇਆ ਅੱਗ ਨਾਲ, ਜੇ ਅੱਗ ਬੁਝਾਈ ਏ
ਪੀਂਦਾ ਨਾ ਤੇ ਜੀਊਂਦਾ ਨਾ
ਕੋਈ ਨਾ ਜਾਣੇ ਵੱਲ ਪਿਆਰ ਦਾ

ਅਮਰੀਕਾ ਤੋਂ ਜੰਗ ਆਉਂਦੀ ਏ

ਅਮਰੀਕਾ ਤੋਂ ਜੰਗ ਆਉਂਦੀ ਏ
ਭੁੱਖ ਆਉਂਦੀ ਏ ਨੰਗ ਆਉਂਦੀ ਏ
ਰੋਟੀ, ਕੱਪੜਾ, ਛੱਤ ਨਹੀਂ ਆਉਂਦੀ
ਚਿਹਰਿਆਂ ਉੱਤੇ ਰੰਗ ਨਹੀਂ ਆਉਂਦੀ
ਤਾਪ ਆਉਂਦਾ ਏ, ਖੰਘ ਆਉਂਦੀ ਏ
ਅਮਰੀਕਾ ਤੋਂ ਜੰਗ ਆਉਂਦੀ ਏ

ਅਮਨ, ਮੁਹੱਬਤ, ਪਿਆਰ ਨਹੀਂ ਆਉਂਦਾ
ਕੋਈ ਉਥੋਂ ਗ਼ਮਖ਼ਾਰ ਨਹੀਂ ਆਉਂਦਾ
ਉਥੋਂ ਬਾਰਿਸ਼-ਏ-ਸੰਗ ਆਉਂਦੀ ਏ
ਅਮਰੀਕਾ ਤੋਂ ਜੰਗ ਆਉਂਦੀ ਏ
ਭੁੱਖ ਆਉਂਦੀ, ਨੰਗ ਆਉਂਦੀ ਏ।

(ìÅðô¶-¿× - ê¾ð çÅ îÄÔ)

ਜਸ਼ਨ ਮਨਾਓ

ਸ਼ਹਿਨਸ਼ਾਹੀ ਦਾ ਜਸ਼ਨ ਮਨਾਓ, ਆਇਆ ਏ ਫ਼ੁਰਮਾਨ।
ਵੇਖੋ ਹੁਣ ਵੀ ਸਦੀਆਂ ਪਿੱਛੇ, ਏਥੇ ਦਾ ਇਨਸਾਨ।

ਮਰ ਜਾਂਦਾ ਜੇ ਮੇਰੇ ਹੱਥੋਂ, ਜਾਂਦੀ ਇਕ ਵੀ ਜਾਨ।
ਇਹ ਜੀਉਂਦੇ ਅੱਧਮੋਇਆ ਕਰ ਕੇ ਮੇਰਾ ਪਾਕਿਸਤਾਨ।

ਉਹੋ ਪਿੰਜਰਾ ਉਹੀਉ ਮੈਂ, ਓਹੋ ਈ ਸੱਯਾਦ।
ਓਹੋ ਪਹਿਰੇ ਹੰਝੂਆਂ ਉੱਤੇ, ਸਹਿਮੀ ਏ ਫਰਿਆਦ।

ਜ਼ਬਤ ਹੁਣ ਤੱਕ ਇਕ ਸ਼ਿਅਰ ਵਿਚ ਲਿਖੀ ਸੀ ਰੂਦਾਦ।
ਅੰਗਰੇਜ਼ਾਂ ਨੂੰ ਕੱਢ ਕੇ ਵੀ ਮੈਂ ਹੋਇਆ ਨਹੀਂ ਆਜ਼ਾਦ।

ਇੰਤਖ਼ਾਬ (ਚੋਣਾਂ)

ਕੌਈ ਮਾਝਾ[1] ਏ ਕੌਈ ਸੱਲੀ[2] ਏ
ਇਹਨਾਂ ਦੌਵਾਂ ਨੇ ਥਾਂ ਮੱਲੀ ਏ
ਇਹ ਦੁਨੀਆਂ ਕਿੰਨੀ ਝੱਲੀ ਏ
ਸਾਨੂੰ ਦਿੰਦੀ ਨਿਰੀ ਤਸੱਲੀ ਏ

A. ÎÁ ðÇÔÎÅé çé B. ÎÁ ñÅÔ¹ñçé

ਬਾਬਾ

ਬਾਬਾ ਮਰ ਗਿਆ ਏਂ ਤੇ ਮਰਵਾ ਗਿਆ ਏਂ
ਸਾਨੂੰ ਵੱਸ ਤੂੰ ਕਿੰਨ੍ਹਾਂ ਦੇ ਪਾ ਗਿਆ ਏਂ

ਆਪਣਾ ਉੱਚਾ ਮਜ਼ਾਰ ਬਣਵਾ ਗਿਆ ਏਂ
ਸਾਡੀ ਕੁੱਲੀ ਨੂੰ ਵੀ ਸੜਵਾ ਗਿਆ ਏਂ

ਵਤਨੋਂ ਦੂਰ

ਮਜ਼ਬ੍ਹਾਂ ਦੇ ਝਗੜੇ ਝੇੜੇ ਵਿਚ ਕੀ ਰੱਖਿਆ ਏ
ਅਸਾਂ ਤੇ ਜਾਮ ਮੁਹੱਬਤ ਵਾਲਾ ਪੀ ਰੱਖਿਆ ਏ
ਪੀ ਲੈਂਦੇ ਨੇ, ਖਾ ਲੈਂਦੇ ਨੇ, ਸੌਂ ਲੈਂਦੇ ਨੇ
ਯਾਰਾਂ ਖ਼ੁਦ ਨੂੰ ਵਤਨੋਂ ਦੂਰ ਸੁਖੀ ਰੱਖਿਆ ਏ।

ਝੁਕੇ ਨਾ ਇਹ ਲਹੂ ਰੰਗਿਆ ਪਰਚਮ

ਜ਼ੁਲਮ ਦੇ ਹੱਥੋਂ ਜੀਵਨ ਖੋਹ ਲਓ
ਮੌਤ ਦੇ ਡਰ ਨੂੰ ਮਾਰ ਦਿਓ

ਇਹ ਧਰਤੀ ਏ ਪਿਆਰ ਦੇ ਕਾਬਿਲ
ਇਸ ਧਰਤੀ ਨੂੰ ਪਿਆਰ ਦਿਓ।

ਝੁਕੇ ਨਾ ਇਹ ਲਹੂ ਰੰਗਿਆ ਪਰਚਮ
ਜ਼ੁਲਮ ਨੂੰ ਲੋਕੋ ਮਾਰ ਦਿਓ।

ਮੀਆਂ ਅਬਦੁੱਲਾ ਖਾਲਕ

ਦਰਦ-ਮੰਦਾਂ ਦਾ ਦਰਦੀ ਸੀ ਉਹ, ਮੁਖ਼ਲਸ ਯਾਰ ਸੀ ਯਾਰਾਂ ਦਾ।
ਉਹ ਦੇ ਤਿੱਖੇ ਬੋਲਾਂ ਅੱਗੇ, ਕੰਮ ਸੀ ਕੀ ਤਲਵਾਰਾਂ ਦਾ।

ਸੋਚ ਸੀ ਉਹਦੀ ਸੂਰਜ ਵਰਗੀ, ਮੰਜ਼ਿਲ ਅਮਨ, ਆਜ਼ਾਦੀ ਸੀ।
ਜ਼ਖ਼ਮੀ ਦਿਲ ਹੁੰਦਿਆਂ ਹੋਇਆਂ ਸੀ ਜਿਹੜਾ ਫੁੱਲ ਬਹਾਰਾਂ ਦਾ।

ਰਹਿੰਦੀ ਦੁਨੀਆਂ ਤੋੜੀ ਰਹਿਣਾ, ਇਸ ਧਰਤੀ ਤੇ ਉਹਦਾ ਨਾਂ,
ਦਿਲ ਸੀ ਉਹਦਾ ਸ਼ੀਸ਼ੇ ਵਰਗਾ, ਖਾਲਕ ਸੀ ਦੀਵਾਰਾਂ ਦਾ।

ਇਹ ਦੁੱਖ ਸਾਰੀ ਉਮਰ ਨਹੀਂ ਭੁੱਲਣਾ, ਜ਼ਖ਼ਮ ਕਦੇ ਇਹ ਜਾਣਾ ਨਹੀਂ,
ਐਨਾ, ਸੁਹਣਾ, ਸੱਚਾ ਬੰਦਾ, ਸ਼ਈਦ[1] ਹੋਏ ਮਕਾਰਾਂ ਦਾ।

(ਸਈਦ – ਸ਼ਿਕਾਰ)

ਕੁੜੇ

ਨਾ ਜਾ ਅਮਰੀਕਾ ਨਾਲ ਕੁੜੇ।
ਇਹ ਗੱਲ ਨਾ ਦੇਵੀਂ ਪਾਲ ਕੁੜੇ।

ਇਹਨੇ ਕਤਲ ਆਜ਼ਾਦੀ ਨੂੰ ਕੀਤਾ।
ਇਹਨੇ ਏਸ ਧਰਤੀ ਦਾ ਲਹੂ ਪੀਤਾ।
ਇਹਨੇ ਕਟਵਾਇਆ ਬੰਗਾਲ ਕੁੜੇ।
ਨਾ ਜਾ ਅਮਰੀਕਾ ਨਾਲ ਕੁੜੇ।

ਇਸ ਰੂਸ ਦੇ ਨਾਲ ਲੜਾਉਂਦਾ ਏ।
ਐਵੇਂ ਲੋਕਾਂ ਨੂੰ ਮਰਵਾਉਂਦਾ ਏ।
ਸਾਨੂੰ ਤੇਰਾ ਬੜਾ ਖ਼ਿਆਲ ਕੁੜੇ।
ਨਾ ਜਾ ਅਮਰੀਕਾ ਨਾਲ ਕੁੜੇ।

ਗੱਲ ਠੀਕ ਈ ਕਹਿੰਦਾ 'ਸਾਕੀ' ਵੀ।
ਕਿਤੇ ਚਲਾ ਨਾ ਜਾਵੇ ਬਾਕੀ ਵੀ।
ਕਰ ਰਾਖ਼ੀ ਮੁਲਕ ਸੰਭਾਲ ਕੁੜੇ।
ਇਹ ਗੱਲ ਨਾ ਦੇਵੀਂ ਟਾਲ ਕੁੜੇ।

ਉਸਤਾਦ ਦਾਮਨ

ਸਾਡੇ ਦੇਸ਼ ਨੂੰ ਚੋਰਾਂ ਤੇ ਡਾਕੂਆਂ ਤੋਂ,
ਨਹੀਂ ਮਿਲੀ ਨਿਜਾਤ ਉਸਤਾਦ ਦਾਮਨ।
ਉੱਚੀ ਧੌਣ ਹੋਈ ਹੋਰ ਅਮਰੀਕੀਆਂ ਦੀ,
ਬਦਲੇ ਨਹੀਂ ਹਾਲਾਤ ਉਸਤਾਦ ਦਾਮਨ।

ਤੇਰੇ ਵਾਂਗ ਜੀਣਾ, ਤੇਰੇ ਵਾਂਗ ਮਰਨਾ,
ਸਾਮਰਾਜੀਆਂ ਤੋਂ ਅਸੀਂ ਨਹੀਂ ਡਰਨਾ।
ਅਸਾਂ ਛੱਡਣੀ ਨਹੀਂ ਹੱਕ ਸੱਚ ਦੀ ਗੱਲ,
ਕਹਿਣਾ ਰਾਤ ਨੂੰ ਰਾਤ ਉਸਤਾਦ ਦਾਮਨ।

ਅਸਾਂ ਲੋਕਾਂ ਦੇ ਇਸ਼ਕ ਵਿਚ ਮੁਬਤਲਾ ਏ,
ਲੋਕੀਂ ਪਿਆਰ ਕਰਦੇ ਆਪਣੇ ਕਾਤਲਾਂ ਨੂੰ।
ਇਹ ਸਾਥ ਭਾਵੇਂ ਸਾਡਾ ਦੇਣ ਨਾ ਦੇਣ,
ਦੇਣਾ ਲੋਕਾਂ ਦਾ ਸਾਥ ਉਸਤਾਦ ਦਾਮਨ।

ਚੈਨ ਖੋਹਣ ਨਾ ਦੇਣਾ ਲੁਟੇਰਿਆਂ ਨੂੰ,
ਖ਼ੂਨ ਪੀਣ ਨਹੀਂ ਦੇਣਾ ਵਡੇਰਿਆਂ ਨੂੰ।
ਤੇਰੇ ਜ਼ਿਹਨ ਦੀ ਸਹੁੰ, ਤੇਰੀ ਸੋਚ ਦੀ ਸਹੁੰ,
ਦੇਣੀ ਜ਼ੁਲਮ ਨੂੰ ਮਾਤ ਉਸਤਾਦ ਦਾਮਨ।

ਅਸਾਂ ਨਾਲ ਪੜੋਸੀਆਂ ਨਹੀਂ ਲੜਨਾ,
ਅਸਾਂ ਭੇਟ ਅਮਰੀਕਾ ਦੀ ਨਹੀਂ ਚੜ੍ਹਨਾ।
ਅਸਾਂ ਦੇਸ ਦੀ ਨਹੀਂ ਤੌਹੀਨ ਕਰਨੀ,
ਲੈਣੀ ਨਹੀਂ ਖ਼ੈਰਾਤ ਉਸਤਾਦ ਦਾਮਨ।

ਇਕ ਸ਼ਾਹ-ਏ-ਸੁਖ਼ਨ

ਇਕ ਕੁਟੀਆਂ ਵਿਚ ਪਿਆ ਰਿਹਾ ਇਕ ਸ਼ਾਹੇ-ਸੁਖ਼ਨ।
ਦੁਨੀਆਂ ਜਿਹਨੂੰ ਕਹਿੰਦੀ ਸੀ ਦਾਮਨ, ਦਾਮਨ।

ਹੋਰਾਂ ਵਾਗੂੰ ਉਹ ਦਰਬਾਰੀ ਨਹੀਂ ਬਣਿਆ।
ਭੁੱਲ ਕੇ ਵੀ ਸ਼ਾਇਰ ਸਰਕਾਰੀ ਨਹੀਂ ਬਣਿਆ।
ਲੋਕਾਂ ਉੱਤੇ ਵਾਰ ਗਿਆ ਆਪਣਾ ਜੀਵਨ

ਉਹਦੇ ਸ਼ਿਅਰ ਸਿਤਮਗਰਾਂ ਨੂੰ ਖੇਲਦੇ ਰਹੇ।
ਤੂਫ਼ਾਨਾਂ ਵਿਚ ਦੀਵੇ ਉਹਦੇ ਬਲਦੇ ਰਹੇ।
ਕਰਦਾ ਰਵੇਗਾ ਉਹਦੇ ਉਤੇ ਨਾਜ਼ ਵਤਨ।

ਇਸ ਦੁਨੀਆਂ ਦੇ ਕੀ ਰਹਿਣਾ

ਇਸ ਦੁਨੀਆਂ ਤੇ ਕੀ ਰਹਿਣਾ ਜਿਥੇ,
ਪਿਆਰ ਤੇ ਡਾਕੇ ਪੈਂਦੇ ਨੇ।
ਇਹਨਾਂ ਨੂੰ ਕੀ ਕਹਿਣਾ ਜਿਹੜੇ
ਬੰਦੇ ਖ਼ੁਦਾ ਬਣ ਬਹਿੰਦੇ ਨੇ।

ਘੁੰਗਰੂ ਨਹੀਂ, ਜ਼ੰਜੀਰਾਂ ਦੇ,
ਦੁਨੀਆਂ ਨੇ ਪੈਰੀਂ ਪਾਈਆਂ।
ਨਹੀਂ ਸੁਣਦਾ ਕੋਈ ਦੁਹਾਈਆਂ,
ਇਹ ਘੁੰਗਰੂ ਨਹੀਂ ਜ਼ੰਜੀਰਾਂ ਨੇ।

ਕਦੀ ਕਹਿੰਦੇ ਨੱਚ ਬਜ਼ਾਰਾਂ ਵਿਚ।
ਕਦੇ ਚਿਣਦੇ ਰਹੇ ਦੀਵਾਰਾਂ ਵਿਚ।
ਰਹੀ ਸ਼ਰਮ ਨਾ ਰਾਂਝਣ, ਯਾਰਾਂ ਵਿਚ,
ਹੋਈਆਂ ਲੱਖਾਂ ਬੇਬੱਸ ਹੀਰਾਂ ਨੇ।
ਇਹ ਘੁੰਗਰੂ ਨਹੀਂ ਜ਼ੰਜੀਰਾਂ ਨੇ।

ਦਿਲ ਸਾਥ ਨਾ ਦੇਵੇ ਤੇ ਹੱਸਣਾ ਕੀ।
ਏਸ ਪਾਪ ਦੀ ਦੁਨੀਆਂ 'ਚ ਵੱਸਣਾ ਕੀ।
ਹਾਲ ਆਪਣਾ ਕਿਸੇ ਨੂੰ ਦੱਸਣਾ ਕੀ।
ਚੁੱਪ ਰਹਿਣਾ ਈ ਤਕਦੀਰਾਂ ਨੇ।
ਇਹ ਘੁੰਗਰੂ ਨਹੀਂ ਜ਼ੰਜੀਰਾਂ ਨੇ।

ਜਿੰਦ ਵਾਂਗ ਸ਼ਮ੍ਹਾਂ ਦੇ

ਜਿੰਦ ਵਾਂਗ ਸ਼ਮ੍ਹਾਂ ਦੇ ਮੇਰੀ ਏ,
ਰਾਤਾਂ ਨੂੰ ਜਲਾਇਆ ਜਾਂਦਾ ਏ।
ਦਿਨ ਚੜ੍ਹਿਆਂ ਬੁਝਾਇਆ ਜਾਂਦਾ ਏ,
ਇੰਝ ਜਸ਼ਨ ਮਨਾਇਆ ਜਾਂਦਾ ਏ।

ਇਹ ਖੇਡ ਏ ਸਾਰੀ ਦੌਲਤ ਦੀ,
ਦੱਸੇ ਕੀ ਖਤਾ ਏ ਔਰਤ ਦੀ।
ਇਕ ਮਹਿਲਾਂ ਦੇ ਵਿਚ ਰਾਜ ਕਰੇ,
ਇਕ ਨੂੰ ਨਚਵਾਇਆ ਜਾਂਦਾ ਏ।
ਜਿੰਦ ਵਾਂਗ ਸ਼ਮ੍ਹਾਂ ਦੇ ਮੇਰੀ ਏ।

ਕਿਸੇ ਮੁੱਲ ਨਾ ਆਪਣਾ ਪਿਆਰ ਦਿਆਂ।
ਸੁਹਣੇ ਜਾਨੀ ਤੋਂ ਦਿਲ ਵਾਰ ਦਿਆਂ।
ਸੋਨੇ ਦੀ ਦਹਿਲੀਜ਼ ਦੇ ਉੱਤੇ,
ਨਹੀਂ ਸਿਰ ਨੂੰ ਝੁਕਾਇਆ ਜਾਂਦਾ ਏ।

ਜਿੰਦ ਵਾਂਗ ਸ਼ਮ੍ਹਾਂ ਦੇ ਮੇਰੀ ਏ,
ਰਾਤਾਂ ਨੂੰ ਜਲਾਇਆ ਜਾਂਦਾ ਏ।
ਦਿਨ ਚੜ੍ਹੇ ਬੁਝਾਇਆ ਜਾਂਦਾ ਏ,
ਇੰਜ ਜਸ਼ਨ ਮਨਾਇਆ ਜਾਂਦਾ ਏ।

(ਗੁਲੂਕਾਰਾ – ਨੂਰ-ਜਹਾਨ)

ਬਾਜ਼ ਜ਼ੁਲਮ ਤੋਂ ਆ

ਬਾਜ਼ ਜੁਲਮ ਤੋਂ ਆ ਜ਼ਾਲਮਾਂ ਬਾਜ਼ ਜ਼ੁਲਮ ਤੋਂ ਆ,
ਅਗਲੇ ਪਲ ਦੀ ਖ਼ਬਰ ਨਹੀਂ ਤੈਨੂੰ, ਬਣ ਬਣਾ ਬਹੇਂ ਖ਼ੁਦਾ।

ਸੇਜ ਤੇ ਜਿਹੜੀ ਸੀ ਆਉਣੀ, ਮਕਤਲ ਦੇ ਵਿਚ ਆਈ।
ਵਾਹ ਜੀ ਦਾਰਾਂ ਤੂੰ ਇਕ ਧੀ ਦੇ ਸਿਰ ਤੋਂ ਚੁੰਨੀ ਲਾਹੀ

ਹੰਝੂ ਬਣ ਕੇ ਬਹਿ ਗਿਆ ਕਜਲਾ, ਜ਼ਖ਼ਮੀ ਹੋ ਗਏ ਚਾਅ।
ਬਾਜ਼ ਜ਼ੁਲਮ ਤੋਂ ਆ ਜ਼ਾਲਮਾ ਬਾਜ਼ ਜ਼ਾਲਮਾਂ ਨੂੰ ਆ।

ਜਿੰਨਾ ਵੀ ਤੂੰ ਜ਼ੁਲਮ ਕਰੇਂਗਾ ਅੱਜ ਅਸਾਂ ਸਹਿ ਜਾਣਾ।
ਭਾਵੇਂ ਤੂੰ ਸੂਲੀ ਤੇ ਟੰਗਦੇ, ਸੱਚ ਅਸਾਂ ਕਹਿ ਜਾਣਾ।
ਮੌਤ ਜ਼ਿੰਦਗੀ ਹੱਥ ਨਹੀਂ ਤੇਰੇ, ਤੂੰ ਕੀ ਖੋਹਣੇ ਸਾਹ।
ਬਾਜ਼ ਜ਼ਾਲਮ ਤੋਂ ਆ।

(ਗਲੂਕਾਰਾ – ਨੂਰ ਜਹਾਂ) ਸੰਗੀਤਕਾਰ ਮੁਸ਼ਤਾਕ ਅਲੀ, ਫ਼ਿਲਮ – ਸਰਫਰੋਸ਼

ਜੱਗ ਦਿਆ ਮਾਲਕਾ

ਜੱਗ ਦਿਆ ਮਾਲਕਾ, ਦੁਹਾਈਏ ਦੁਹਾਈ ਏ।
ਵੇਖ ਜ਼ਰਾ ਜ਼ਾਲਮਾਂ ਨੇ ਕਿੰਨੀ ਲੁੱਟੀ ਪਾਈ ਏ।

ਤੱਪੜਾਂ ਤੇ ਰੁਲੇਗਾ, ਗ਼ਰੀਬ ਦਾ ਇਹ ਬਾਲ ਏ।
ਤੱਕ ਤੱਕ ਹੌਠਾਂ ਉੱਤੇ ਆਉਂਦਾ ਇਹ ਸਵਾਲ ਏ।
ਤੂੰ ਇਹ ਕੀ ਚੰਦ ਲੋਕਾਂ ਲਈ ਦੁਨੀਆਂ ਬਣਾਈ ਏ।
ਜੱਗ ਦਿਆ ਮਾਲਕਾ... ... ...

ਇਲਮ ਅਦਬ ਦੀ ਕਦਰ ਨਾ ਕਾਈ, ਰਿਸ਼ਵਤ ਹਰ ਥਾਂ ਚੱਲਦੀ।
ਨਹੀਂ ਰਹਿਣੇ ਇਹ ਚੋਰ ਲੁਟੇਰੇ, ਅੱਗ ਦਿਲਾਂ ਵਿਚ ਬਲਦੀ।
ਜੱਗ ਦਿਆ ਮਾਲਕਾ... ... ...

ਹੰਝੂ ਪੱਲੇ ਰਹਿ ਗਏ, ਦੁਆਵਾਂ ਟੁਰ ਗਈਆਂ।
ਪਿਆਰ ਦੀਆਂ ਠੰਡੀਆਂ ਹਵਾਵਾਂ ਟੁਰ ਗਈਆਂ।
ਪੈਸੇ ਦਾ ਜਹਾਨ ਸਾਰਾ ਪੈਸੇ ਦੀ ਖੁਦਾਈ ਏ।

ਕਦੋਂ ਤੀਕ ਸੰਗ-ਦਿਲ, ਲਹੂ ਪੀਂਦੇ ਰਹਿਣਗੇ।
ਖ਼ੌਫ਼ ਦੀਆਂ ਬਾਹਵਾਂ ਵਿਚ, ਲੋਕ ਜੀਂਦੇ ਰਹਿਣਗੇ।
ਮੌਤ ਦੀ ਸਿਆਹੀ ਕਦੋਂ ਜ਼ਿੰਦਗੀ ਤੇ ਛਾਈ ਏ।
ਜੱਗ ਦਿਆ ਮਾਲਕਾ... ... ...

ਬਿਨ ਠੱਗੀਆਂ ਇਸ ਦੁਨੀਆਂ ਅੰਦਰ

ਬਿਨ ਠੱਗੀਆਂ ਇਸ ਦੁਨੀਆਂ ਅੰਦਰ ਬਣਿਆ ਕੌਣ ਰਸੀਆ।
ਦੇਵਤਾ ਬਣ ਕੇ ਏਥੇ ਫਿਰਦੇ, ਬੜੇ ਬੜੇ ਅਬਲੀਸ।
ਹਸੀਨਾ ਚਾਰ ਸੌ ਬੀਸ, ਹਸੀਨਾ ਚਾਰ ਸੌ ਬੀਸ।

ਸ਼ਾਮ ਸਵੇਰੇ ਮੌਤਾਂ ਵੇਚਣ, ਦੌਲਤ ਦੇ ਬੀਮਾਰ।
ਪੈਸਾ ਧਰਮ ਈਮਾਨ ਇਨ੍ਹਾਂ ਦਾ ਇਹ ਮਤਲਬ ਦੇ ਯਾਰ।
ਰਾਤਾਂ ਦੇ ਪਰਦੇ ਵਿਚ ਖੇਡਣ, ਇੱਜ਼ਤਾਂ ਨਾਲ ਖਬੀਸ।
ਹੁਸੀਨਾ ਚਾਰ ਸੌ ਬੀਸ... ... ...

ਇਨਸਾਨਾਂ ਦੀਆਂ ਲਾਸ਼ਾਂ ਉੱਤੇ, ਕਾਤਲ ਭੰਗੜੇ ਪਾਉਣ।
ਲੰਮੇ ਹੱਥ ਨੇ ਸਿਤਮਗਰਾਂ ਦੇ ਮਜ਼ਬੂਰਾਂ ਦਾ ਕੌਣ।
ਜਿਹੜਾ ਸੱਚ ਦਾ ਨਾਹਰਾ ਲਾਵੇ, ਜ਼ਾਲਿਮ ਦੇਂਦੇ ਪੀਸ।
ਹੁਸੀਨਾ ਚਾਰ ਸੌ ਬੀਸ... ... ...

ਸਾਰਿਆਂ ਸ਼ਹਿਰਾਂ ਤੇ ਛਾਈ ਏ ਇਕ ਦਹਿਸ਼ਤ ਦਿਨ ਰੈਣ।
ਪਤਾ ਨਹੀਂ ਲੱਗਦਾ ਇਸ ਧਰਤੀ ਦਾ ਖੋਹਿਆ ਕੀਹਨੇ ਚੈਨ।
ਹਾਲ ਵਤਨ ਦਾ ਵੇਖ ਕੇ ਮੇਰੇ ਦਿਲ 'ਚੋਂ ਉੱਠਦੀ ਟੀਸ।
ਹੁਸੀਨਾ ਚਾਰ ਸੌ ਬੀਸ... ... ...

ਦੀਨ ਪੈਸਾ – ਈਮਾਨ ਪੈਸਾ

ਦੀਨ ਪੈਸਾ- ਈਮਾਨ ਪੈਸਾ,
ਖ਼ੂਨ ਪੀਵੇ ਸ਼ੈਤਾਨ ਪੈਸਾ,
ਪੈਸੇ ਲਈ ਕਰਦੇ ਇਹ ਕਤਲ ਆਮ।
ਪੈਸੇ ਦੇ ਗ਼ੁਲਾਮ,
ਹਸਾਏ ਪੈਸਾ- ਰੁਲਾਏ ਪੈਸਾ।
ਪਾਗ਼ਲ ਸਭ ਨੂੰ ਬਣਾਏ ਪੈਸਾ।

ਪੈਸਾ ਬਿਨਾ ਦੁਨੀਆਂ 'ਚ, ਬੰਦਾ ਇਕ ਗਾਲੀ ਏ।
ਉਹਦੀ ਵੀ ਕੀ ਜ਼ਿੰਦਗੀ ਏ, ਜੇਬ ਜੀਹਦੀ ਖਾਲੀ ਏ।
ਚਿਹਰਿਆਂ ਤੇ ਜਾਨ ਮੇਰੀ ਪੈਸਿਆਂ ਦੀ ਲਾਲੀ ਏ।
ਜੱਗ ਉੱਤੇ ਹਰ ਕੋਈ ਪੈਸੇ ਦਾ ਸਵਾਲੀ ਏ।
ਦੀਨ ਪੈਸਾ-ਈਮਾਨ ਪੈਸਾ

ਪੈਸੇ ਲਈ ਨਾ ਪੁੱਛ ਲੋਕੀਂ ਕੀ ਕੀ ਨੇ ਕੁਝ ਕਰਦੇ।
ਲਹੂ ਦੀ ਥਾਂ ਰਗਾਂ ਵਿਚ, ਜ਼ਹਿਰ ਪਏ ਨੇ ਭਰਦੇ।
ਅੱਲਾ ਕੋਲੋਂ ਡਰਦੇ ਨਾ ਇਹ ਬੰਦੇ ਕੋਲੋਂ ਡਰਦੇ।
ਪੈਸੇ ਲਈ ਇਹ ਜੀਉਂਦੇ ਨੇ ਤੇ ਪੈਸੇ ਲਈ ਇਹ ਮਰਦੇ।
ਦੀਨ ਪੈਸਾ ਈਮਾਨ ਪੈਸਾ।
ਖ਼ੂਨ ਪੈਸਾ- ਸ਼ੈਤਾਨ ਪੈਸਾ।

ਤਨ ਦੇ ਉਜਲੇ ਮਨ ਦੇ ਮੈਲੇ

ਤਨ ਦੇ ਉਜਲੇ ਮਨ ਦੇ ਮੈਲੇ,
ਅੰਦਰੋਂ ਹੋਰ ਤੇ ਬਾਹਰੋਂ ਹੋਰ।
ਚੋਰ ਚੋਰ ਕਾਲੇ ਚੋਰ।
ਕਦੀ ਸਵੇਰਾ ਹੋਣਾ ਨਾ ਦੇਂਦੇ,
ਜੇ ਚੱਲਦਾ ਸੂਰਜ ਤੇ ਜ਼ੋਰ।

ਨਹੀਂ ਯਾਰ ਇਹ ਯਾਰ ਦੇ, ਦੁਸ਼ਮਣ ਨੇ ਇਹ ਪਿਆਰ ਦੇ।
ਇਹ ਠੱਗ, ਉਹ ਬਹਿਰੂਪੀਏ, ਦੁਨੀਆਂ ਨੂੰ ਪਏ ਨੇ ਚਾਰਦੇ।
ਵੇਖੋ ਚਿਹਰਿਆਂ ਉੱਤੇ ਰੱਜ ਰੱਜ ਖਾਣ ਦੀਆਂ ਮਸਤੀਆਂ।
ਮੌਤ ਦੇ ਪਾਸੇ ਲਈ ਜਾਂਦੇ ਨੇ, ਸਾਡੀ ਹੱਥ ਜਿੰਨ੍ਹਾਂ ਦੀ ਡੋਰ।
ਚੋਰ ਚੋਰ ਕਾਲੇ ਚੋਰ... ... ...

ਧਰਤੀ ਤੇ ਇਹ ਕਹਿਰ ਨੇ, ਜ਼ੁਲਮਾਂ ਦੀ ਇਹ ਜ਼ਹਿਰ ਨੇ।
ਆਪਣੇ ਲਈ ਇਹ ਜ਼ਿੰਦਗੀ, ਲੋਕਾਂ ਲਈ ਇਹ ਜ਼ਹਿਰ ਨੇ।
ਲੁੱਟਦੇ ਸ਼ਾਮ ਸਵੇਰੇ, ਇਹ ਲੁਟੇਰੇ ਬਸਤੀਆਂ।
ਮੇਰੇ ਦੇਸ਼ ਨੂੰ ਲੁੱਟ ਕੇ ਖਾ ਗਏ ਇਹ ਬੇਦਰਦ ਮੁਨਾਫ਼ਾਖ਼ੋਰ।
ਚੋਰ ਚੋਰ ਕਾਲੇ ਚੋਰ... ... ...

ਕੋਈ ਖੋਹ ਲਵੇਗਾ ਰਾਤਾਂ ਦੀਆਂ ਨੀਂਦਰਾਂ

ਕੋਈ ਖੋਹ ਲਵੇਗਾ ਰਾਤਾਂ ਦੀਆਂ ਨੀਂਦਰਾਂ,
ਸੋਚਿਆ ਵੀ ਨਹੀਂ ਸੀ ਅਸਾਂ।
ਮਿਲੇਗਾ ਨਾ ਅੱਖੀਆਂ ਨੂੰ ਚੈਨ ਕਿਸੇ ਥਾਂ,
ਸੋਚਿਆ ਵੀ ਨਹੀਂ ਸੀ ਅਸਾਂ।

ਦਿਲ ਉਹਨੂੰ ਮਿਲੇ ਸਾਥੋਂ ਪੁੱਛਿਆਂ ਬਗ਼ੈਰ ਈ।
ਸੋਚਦਾ ਨਾਦਾਨ ਕਿਉਂ ਨਹੀਂ ਗ਼ੈਰ ਹੁੰਦਾ ਗ਼ੈਰ ਈ।
ਹੈ ਜਾਏਗਾ ਕਿਸੇ ਉੱਤੇ ਏਨਾ ਮਿਹਰਬਾਨ,
ਸੋਚਿਆ ਵੀ ਨਹੀਂ ਸੀ ਅਸਾਂ।

ਉਹਦਿਆਂ ਖ਼ਿਆਲਾਂ ਵਿਚ ਖੋਏ ਖੋਏ ਰਹਿਨੇ ਆਂ।
ਦਿਲ ਵਾਲਾ ਹਾਲ ਪ੍ਰਛਾਵੇਂ ਨੂੰ ਪਏ ਕਹਿਨੇ ਆਂ।
ਰੋਗ ਬਣ ਜਾਣਗੀਆਂ ਤਨਹਾਈਆਂ,
ਸੋਚਿਆ ਵੀ ਨਹੀਂ ਸੀ ਅਸਾਂ।

ਕਰਕੇ ਲੀਰਾਂ ਲੀਰਾਂ ਹੂ

ਨੱਚਦੀ ਔਰਤ ਦੀ ਚਾਦਰ ਨੂੰ ਕਰ ਕੇ ਲੀਰਾਂ ਲੀਰਾਂ ਹੂ।
ਖੋਹ ਕੇ ਇੱਜ਼ਤਾਂ ਦੇ ਕੇ ਜ਼ਿੱਲਤਾਂ, ਕਹਿਣ ਪਏ ਤਕਦੀਰਾਂ ਹੂ।

ਜ਼ੁਲਮ ਤਮਾਸ਼ਾ ਵੇਖ ਰਿਹਾ ਏਂ, ਬੈਠਾ ਤੂੰ ਅਸਮਾਨੇ ਹੂ।
ਹੌਸ਼ ਗਰੀਬਾਂ ਦੇ ਰਹੇ ਨੇ ਬਾਕੀ ਜਦ ਘੁੰਡ ਮੁੱਖ ਤੋਂ ਲਾਹਿਆ ਹੂ।

ਇੰਝ ਲਗਦਾ ਏ ਰੱਬਾ ਇਹਨੂੰ ਕੱਲਿਆ ਬੈਠ ਬਣਾਇਆ ਹੂ।
ਵੇਖੀਂ ਇਸ਼ਕ ਗਰੀਬ ਦਾ ਰੱਬਾ ਬਣ ਨਾ ਜਾਏ ਤਾਅਨਾ ਹੂ।

ਓਹੋ ਹੰਝੂ ਉਹੋ ਹਾਵਾਂ, ਓਹ ਜ਼ਖ਼ਮ ਪੁਰਾਣੇ ਹੂ।
ਅਜੇ ਸਿਤਮ ਦੀ ਰਾਤ ਨਾ ਲੰਘੀ ਗੁਜ਼ਰੇ ਕਈ ਜ਼ਮਾਨੇ ਹੂ।
ਜ਼ੁਲਮ ਦੇ ਅੱਗੇ ਸਾਰੇ ਚੁੱਪ ਨੇ, ਪੰਡਿਤ ਸ਼ੇਖ਼ ਸਿਆਣੇ ਹੂ।

ਇਸ਼ਕ ਦ ਪਾਉਣ ਅਸਾਂ ਜੱਲੀ

ਮਿਟ ਜਾਣਾ ਅਸੀਂ ਇਸ਼ਕ ਦੀ ਖ਼ਾਤਰ ਦੇਣੀ ਤਰਥੱਲੀ।
ਰਸਤਾ ਰੋਕੇ ਲੱਖ ਜ਼ਮਾਨਾ, ਹੁਣ ਨਹੀਂ ਰਹਿਣਾ 'ਕੱਲੀ।
ਇਸ਼ਕ ਦੀ ਪਾਉਣੀ ਪਾਉਣੀ ਅਸਾਂ ਜੱਲੀ ਜੱਲੀ

ਅੱਗ ਲਾਵਾਂ ਉਹਨਾਂ ਮਹਿਲਾਂ ਨੂੰ,
ਜਿੱਥੇ ਪਿਆਰ ਤੇ ਹਰ ਕੋਈ ਹੱਸੇ।
ਖੋਹਲੀ ਲੱਖਾਂ ਦੀ ਕੱਖਾਂ ਦੀ,
ਪਿਆਰ ਨਾ ਜਿੱਥੇ ਵੱਸੇ।

ਇਸ਼ਕ ਨੇ ਮੈਨੂੰ ਝੱਲਿਆ ਕੀਤਾ
ਝੱਲੀ ਆਂ ਮੈਂ ਝੱਲੀ
ਇਸ਼ਕ ਦੀ ਪਾਉਣੀ ਅਸਾਂ ਜੱਲੀ

ਤਲੀ ਤੇ ਰੱਖ ਕੇ ਸਿਰ ਆਪਣਾ,
ਜਦੋਂ ਇਸ਼ਕ ਸਾਹਮਣੇ ਆਇਆ।
ਜ਼ਹਿਰ ਪਿਆਲਾ ਹੱਸ ਹੱਸ ਪੀਤਾ,
ਮਰਨ ਤੋਂ ਨਹੀਂ ਘਬਰਾਇਆ।
ਰਹਿ ਗਈ ਸੱਚੀ ਪਿਆਰ ਕਹਾਣੀ,
ਝੂਠੀ ਗੱਲ ਨਾ ਚੱਲੀ।
ਇਸ਼ਕ ਕੀ ਪਾਉਣੀ ਅਸਾਂ ਜੱਲੀ।

ਤੌਬਾ ਤੌਬਾ

ਤੌਬਾ ਤੌਬਾ ਮੇਰੀ ਜਾਨ ਤੌਬਾ।
ਪੁੱਜਦਾ ਏ ਪੈਸੇ ਨੂੰ ਜਹਾਨ ਤੌਬਾ ਤੌਬਾ।
ਐਨਾ ਗਿਰ ਗਿਆ ਇਨਸਾਨ ਤੌਬਾ ਤੌਬਾ।
ਕਰਦਾ ਏ ਵੇਖ ਕੇ ਸ਼ੈਤਾਨ ਤੌਬਾ ਤੌਬਾ।

ਫੁੱਲਾਂ ਜਹੀਆਂ ਜਾਨਾਂ ਦੀਆਂ ਕਰਨ ਤਜਾਰਤਾਂ।
ਐਵੇਂ ਕਦੋਂ ਬਣਦੀਆਂ ਸ਼ਹਿਰਾਂ 'ਚ ਇਮਾਰਤਾਂ।
ਜ਼ੁਲਮਾਂ 'ਚ ਇੰਨ੍ਹਾਂ ਨੂੰ ਏ ਏਨੀਆਂ ਮੁਹਾਰਤਾਂ।
ਰੋਂਦੀ ਏ ਦਰਿੰਦਗੀ ਵੀ ਤੱਕ ਕੇ ਸ਼ਰਾਰਤਾਂ।
ਲਾਈ ਬੈਠੇ ਮੌਤਾਂ ਦੀ ਦੁਕਾਨ ਤੌਬਾ ਤੌਬਾ।
ਕਰਦਾ ਏ ਵੇਖ ਕੇ ਸ਼ੈਤਾਨ ਤੌਬਾ ਤੌਬਾ।

ਸੰਗਦਿਲ ਨੈਣਾਂ 'ਚ ਹਨੇਰੇ ਪਏ ਭਰਦੇ।
ਕੰਮ ਚਿੱਟੇ ਚੋਰਾਂ ਦੇ ਇਸ਼ਾਰਿਆਂ ਤੇ ਕਰਦੇ।
ਆਦਮੀ ਨੂੰ ਮਾਰਦੇ ਤੇ ਦੌਲਤਾਂ ਤੇ ਮਰਦੇ।
ਆਉਣ ਵਾਲੇ ਵੇਲੇ ਤੇ ਅਜ਼ਾਬ ਤੋਂ ਨਹੀਂ ਡਰਦੇ।
ਵੇਚਦੇ ਨੇ ਦੀਨ ਤੇ ਈਮਾਨ ਤੌਬਾ ਤੌਬਾ।
ਕਰਦਾ ਏ ਵੇਖ ਕੇ ਸ਼ੈਤਾਨ ਤੌਬਾ ਤੌਬਾ।

ਰਾਤਾਂ ਨੇ ਬਣਾਇਆ ਸਾਨੂੰ

ਰਾਤਾਂ ਨੇ ਬਣਾਇਆ ਸਾਨੂੰ, ਨ੍ਹੇਰਿਆਂ ਨੇ ਪਾਲਿਆ।
ਕਿਹੜਾ ਗਲ ਲਾਵੇਗਾ ਜੇ ਅਸਾਂ ਦਿਲ ਲਾ ਲਿਆ।

ਆਪਣੀ ਸੁਣਾਉਂਦਾ ਆ ਕੇ ਜਿਹੜਾ ਸਾਨੂੰ ਮਿਲਦਾ।
ਕੋਈ ਵੀ ਨਹੀਂ ਜਾਣਦਾ ਏ ਰੋਗ ਸਾਡਾ ਦਿਲ ਦਾ।
ਸਭਨਾ ਦਾ ਗ਼ਮ ਅਸਾਂ ਦਿਲ 'ਚ ਵਸਾ ਲਿਆ।
ਰਾਤਾਂ ਨੇ ਬਣਾਇਆ ਸਾਨੂੰ... ....

ਸਦੀਆਂ ਤੋਂ ਏਸੇ ਤਰਾਂ ਦਿਲ ਨੂੰ ਜਲਾਨੇ ਆਂ।
ਸ਼ੋਅਲਿਆਂ 'ਚ ਨੱਚਨੇ ਆਂ, ਮਹਿਫ਼ਲਾਂ ਸਜਾਨੇ ਆਂ।
ਸਾਨੂੰ ਬਦਨਾਮੀਆਂ ਨੇ ਆਪਣਾ ਬਣਾ ਲਿਆ।
ਰਾਤਾਂ ਨੇ ਬਣਾਇਆ ਸਾਨੂੰ... ....

ਪਿਆਰ ਵੀ ਜੇ ਹੋ ਗਿਆ, ਯਕੀਨ ਕਿਹਨੂੰ ਆਵੇਗਾ।
ਯਕੀਨ ਵੀ ਜੇ ਆ ਗਿਆ, ਤੇ ਕੌਣ ਅਪਣਾਵੇਗਾ।
ਸੋਚਨੇ ਆਂ ਕਾਹਨੂੰ ਦੀਵਾ ਯਾਦਾਂ ਵਾਲਾ ਬਾਲਿਆ।
ਕਿਹੜਾ ਗਲ ਲਾਵੇਗਾ, ਜੇ ਦਿਲ ਅਸਾਂ ਲਾ ਲਿਆ।

ਪਿਆਰ ਦਿਆਂ ਡੰਗਿਆਂ ਨੂੰ

ਪਿਆਰ ਦਿਆਂ ਡੰਗਿਆਂ ਨੂੰ ਹੋਰ ਕੀਹਨੇ ਡੰਗਣਾ।
ਸੂਲਾਂ ਉਤੇ ਟੁਰਨਾ ਤੇ ਅੱਗ ਵਿਚੋਂ ਲੰਘਣਾ।
ਅੱਗ ਵਿਚੋਂ ਲੰਘਣਾ।

ਓ ਦੁਨੀਆਂ ਏ ਦੋਜ਼ਖ਼ ਮੈਨੂੰ,
ਜਿੱਥੇ ਵੇਖ ਨਾ ਸਕਾਂ ਤੈਨੂੰ।
ਮਰ ਕੇ ਵੀ ਮੈਂ ਤੈਨੂੰ ਅੱਲਾ ਕੋਲੋਂ ਮੰਗਣਾ।
ਪਿਆਰ ਦਿਆਂ ਡੰਗਿਆਂ ਨੂੰ ਹੋਰ ਕੀਹਨੇ ਡੰਗਣਾ।

ਭਾਵੇਂ ਛਾਣ ਤੂੰ ਜੰਗਲ ਬੇਲੇ।
ਦਿਲ ਵਿਚ ਵੱਸਦਾ ਏਂ ਤੂੰ ਹਰ ਵੇਲੇ।
ਪਿਆਰ ਈਮਾਨ ਮੇਰਾ, ਕਹਿੰਦਿਆਂ ਕੀ ਸੰਗਣਾ।
ਪਿਆਰ ਦਿਆਂ ਡੰਗਿਆਂ ਨੂੰ ਹੋਰ ਕੀਹਨੇ ਡੰਗਣਾ।

ਜਾ ਨੀ ਤਨ ਦੀਏ ਲੀਰੇ ਜਾ ਨੀ।
ਜ਼ਹਿਰ ਗਮਾਂ ਦਾ ਮਾਰ ਮੁਕਾ ਨੀ।
ਬਣ ਜਾ ਤੂੰ ਜਾ ਕੇ ਮੇਰੇ ਮਾਹੀ ਹੱਥ ਕੰਗਣਾ।
ਪਿਆਰ ਦਿਆਂ ਡੰਗਿਆਂ ਨੂੰ ਹੋਰ ਕੀਹਨੇ ਡੰਗਣਾ।

ਨਾਲ ਇਸ਼ਕ ਦੇ

ਨਾਲ ਇਸ਼ਕ ਦੇ ਓ ਤੂਫ਼ਾਨਾਂ ਮੱਥਾ ਨਾ ਤੂੰ ਜੋੜ।
ਰੋਜ਼ ਅਜ਼ਲ ਤੋਂ ਮੇਲ ਏ ਸਾਡਾ ਕੋਈ ਨਹੀਂ ਸਕਦਾ ਤੋੜ।

ਪਤਾ ਦੱਸ ਨੀ ਹਵਾਏ ਦਿਲਦਾਰ ਦਾ।
ਮੇਰੀ ਜਿੰਦੜੀ ਦੇ ਇਕੋ ਗ਼ਮਖ਼ਾਰ ਦਾ।
ਪਤਾ ਦੱਸ ਨੂੰ ਹਵਾਏ ਦਿਲਦਾਰ ਦਾ।

ਤਪਦੀ ਰੇਤ ਤੇ ਜਿੰਦ ਪਈ ਚੱਲਦੀ।
ਸੀਨੇ ਦੇ ਵਿਚ ਅੱਗ ਪਈ ਬਲਦੀ।
ਸੂਰਜ ਛਵ੍ਹੀਆਂ ਮਾਰਦਾ,
ਪਤਾ ਦੱਸ ਨੀ ਹਵਾਏ ਦਿਲਦਾਰ ਦਾ।

ਪੁੱਛ ਪੁੱਛ ਹਾਰੀ ਕੰਡਿਆਂ ਤਾਈਂ।
ਮਹਿਰਮ ਟੁਰ ਗਿਆ ਕਿਹੜੇ ਰਾਹੀਂ।
ਲੱਭਨੀ ਆ ਡੇਰਾ ਦਿਲਦਾਰ ਦਾ।
ਪਤਾ ਦੱਸ ਨੀ ਹਵਾਏ ਦਿਲਦਾਰ ਦਾ।

ਰੱਬ ਦਾ ਲੱਖ-ਲੱਖ ਸ਼ੁਕਰ ਮਨਾਵਾਂ।
ਜੇ ਕਦਮਾਂ ਵਿਚ ਮੈਂ ਮਰ ਜਾਵਾਂ।
ਨਾਂ ਕਰ ਜਾਵਾਂ ਪਿਆਰ ਦਾ।
ਪਤਾ ਦੱਸ ਨੀ ਹਵਾਏ ਦਿਲਦਾਰ ਦਾ।
ਮੇਰੀ ਜਿੰਦੜੀ ਇਕੋ ਗ਼ਮਖ਼ਾਰ ਦਾ।

ਜ਼ੁਲਮ ਨਹੀਂ ਰਹਿਣਾ ਬਾਕੀ

ਏਥੇ ਮਿਟ ਹੁੰਦੇ ਵੇਖੇ ਬੜੇ ਬੜੇ ਫਰਊਨ।
ਕਾਇਮ-ਦਾਇਮ ਅੱਲਾ ਦਾ ਰਹਿਣਾ, ਹਾਥੋਂ ਖਾਂ ਤੂੰ ਕੌਣ।

ਜ਼ੁਲਮ ਨਹੀਂ ਰਹਿਣਾ ਬਾਕੀ, ਰਹਿਣਾ ਸਦਾ ਪਿਆਰ ਉਏ।
ਜੱਗ ਦੀਆਂ ਦੌਲਤਾਂ ਦਾ, ਨਸ਼ਾ ਦਿਨ ਚਾਰ ਓਏ।
ਰਹੇ ਨਾਮ ਅੱਲਾ ਦਾ, ਅੱਲਾ ਈ ਅੱਲਾ।

ਹੱਕ ਜਿਹੜੇ ਮੰਗਦੇ ਨੇ, ਹੱਕ ਖੋਹ ਲੈਣਗੇ।
ਅੱਲਾ ਦੀ ਸਹੁੰ ਹੁਣ ਉਹ ਚੁੱਪ ਨਹੀਂ ਰਹਿਣਗੇ।
ਸਦੀਆਂ ਤੋਂ ਚੁੱਪ ਰਹਿਕੇ ਖਾਂਦੇ ਰਹੇ ਮਾਰ ਓਏ।

ਵੇਖ ਬਦਨਾਮੀਆਂ ਨੇ ਅੱਜ ਤੈਨੂੰ ਘੇਰਿਆ।
ਆਪਣੇ ਵੀ ਹਾਲ ਉਤੇ ਹੱਸ ਓਏ ਲੁਟੇਰਿਆ।
ਤੂੰ ਵੀ ਹੁਣ ਅੱਗ ਵਿਚ ਜ਼ਿੰਦਗੀ ਗੁਜ਼ਾਰ ਓਏ।

ਜ਼ੁਲਮਾਂ ਦੀ ਰਾਤ ਹੁਣ ਬੱਸ ਥੋਹੜੀ ਦੇਰ ਓਏ।
ਹੋਣ ਵਾਲੀ ਹਰ ਪਾਸੇ ਪਿਆਰ ਦੀ ਸਵੇਰ ਓਏ।
ਟੁੱਟ ਜਾਣੀ ਦੁਖਾਂ ਵਾਲੀ ਕਾਲੀ ਇਹ ਦੀਵਾਰ ਓਏ।

ਔਹ ਵੇਖੋ ਜ਼ੁਲਮ ਦਾ ਨਿਸ਼ਾਨ ਡਿੱਗਾ ਪਿਆ ਜੇ।
ਕੀਹਨੇ ਏਥੇ ਰਹਿਣਾ ਏ ਤੇ ਕੌਣ ਏਥੇ ਰਿਹਾ ਜੇ।
ਕੌਣ ਝੱਲ ਸਕਦਾ ਏ, ਮੌਤ ਵਾਲਾ ਵਾਰ ਓਏ।

ਸਦੀਆਂ ਤੋਂ ਲੱਗਾ ਏ ਬਜ਼ਾਰ ਵੇਖ ਲੈ

ਸਦੀਆਂ ਤੋਂ ਲੱਗਾ ਏ ਬਜ਼ਾਰ ਵੇਖ ਲੈ।
ਮੈਂ ਆਂ ਕਿ ਤੂੰ, ਗੁਨਾਹਗਾਰ ਵੇਖ ਲੈ।
ਜ਼ਖ਼ਮਾਂ ਦੇ ਫੁੱਲਾਂ ਦੀ ਬਹਾਰ ਵੇਖ ਲੈ।
ਇੱਜ਼ਤਾਂ ਦਾ ਹੁੰਦਾ ਕਾਰੋਬਾਰ ਵੇਖ ਲੈ।

ਇਹ ਛਣਕ ਦੀਆਂ ਰੁਸਵਾਈਆਂ,
ਕੀਹਨਾਂ ਨੇ ਪੈਰੀਂ ਪਾਈਆਂ।
ਇਹ ਇਸ ਧਰਤੀ ਦੀਆਂ ਜਾਈਆਂ।
ਅਸਮਾਨਾਂ ਤੋਂ ਨਹੀਂ ਆਈਆਂ।

ਬਿਨ ਡੋਲੀਆਂ, ਬਿਨ ਸ਼ਹਿਨਾਈਆਂ।
ਰਾਤਾਂ ਨੂੰ ਹੋਣ ਪਰਾਈਆਂ।
ਕਜਲੇ ਦੀ ਭਿੱਜੀ ਭਿੱਜੀ ਤਾਰ ਵੇਖ ਲੈ।
ਸਦੀਆਂ ਤੋਂ ਲੱਗਾ... ... .

ਕੋਈ ਐਸਾ ਮਸੀਹਾ ਆਵੇ।
ਦੁੱਖ ਦੀ ਸੂਲੀ ਤੋਂ ਲਾਹਵੇ।
ਬੇਗ਼ੈਰਤ ਗਲੀਆਂ ਢਾਹਵੇ।
ਜ਼ੁਲਮਾਂ ਦਾ ਰਾਜ ਮਿਟਾਵੇ।
ਇਕ ਨਵਾਂ ਸਮਾਜ ਬਣਾਵੇ।
ਜਕੜੀਆਂ ਜੰਜ਼ੀਰਾਂ ਵਿਚ ਨਾਰ ਵੇਖ ਲੈ।
ਸਦੀਆਂ ਤੋਂ ਲੱਗਾ ਇਹ ਬਜ਼ਾਰ ਵੇਖ ਲੈ।

ਜ਼ਿੰਦਾਨਾਂ ਦੇ ਦਰ ਨਹੀਂ ਖੁੱਲ੍ਹਦੇ

ਜ਼ਿੰਦਾਨਾਂ ਦੇ ਦਰ ਨਹੀਂ, ਖੁੱਲ੍ਹਦੇ ਹੰਝੂਆਂ ਹਾਵਾਂ ਨਾਲ।
ਕਸਮ ਖ਼ੁਦਾ ਦੀ ਖੁੱਲਣਗੇ, ਲੋਹੇ ਦੀਆਂ ਬਾਹਵਾਂ ਨਾਲ।

ਨੱਚ ਨੀ ਜਿੰਦੇ ਮੇਰੀਏ,
ਅੱਜ ਨੱਚ ਨੱਚ ਕੇ ਮਰ ਜਾ।
ਹਰ ਜ਼ਾਲਮ ਨੂੰ ਮਾਰ ਕੇ,
ਜਿੰਦ ਵਤਨ ਤੋਂ ਵਾਰ ਕੇ,
ਉੱਚਾ ਆਪਣਾ ਨਾਂ ਕਰ ਨਾਂ।
ਸੂਲੀ ਤੇ ਸੱਚ ਕਹਿੰਦਿਆਂ, ਜਿਹੜੇ ਡਰਦੇ ਨਹੀਂ,
ਜਿੰਦਾ ਰਹਿੰਦੇ ਮੌਤ ਕੋਲੋਂ ਵੀ ਮਰਦੇ ਨਹੀਂ।

ਦੂਰ ਹਨੇਰੇ ਹੋਣਗੇ
ਖ਼ਤਮ ਲੁਟੇਰੇ ਹੋਣਗੇ
ਇਹਨਾਂ ਜ਼ਾਲਮਾਂ ਤੋਂ ਡਰ ਨਾ ਜਾ
ਨੱਚ ਨੀ ਜਿੰਦੇ ਮੇਰੀਏ
ਨੱਚ ਨੱਚ ਕੇ ਮਰ ਜਾ

ਮੈਂ ਨਹੀਂ ਨੱਚਦੀ ਇਹ ਮਜ਼ਬੂਰੀ ਮੇਰੀ ਨੱਚਦੀ ਏ
ਮੇਰੇ ਨੱਚਦਿਆਂ ਲਾਜ ਵਤਨ ਦੀ ਬਚਦੀ ਏ
ਆਨ ਏ ਪਿਆਰੀ ਜਾਨ ਤੋਂ
ਡਰਨਾ ਕੀ ਤੂਫ਼ਾਨ ਤੋਂ
ਹੁਣ ਡੁੱਬ ਜਾ ਯਾ ਤਰ ਜਾ
ਨੱਚ ਨੀ ਜਿੰਦੇ ਮੇਰੀਏ
ਨੱਚ ਨੱਚ ਕੇ ਮਰ ਜਾ

ਕੁਰਸੀ

ਸੰਗਦਿਲ ਨੇ ਏਹੋ ਲੋਕ ਮੈਂ ਬੁਰੀ ਨਹੀਂ ਬੁਰੀ।
ਮਾਰਦੇ ਨੇ ਇਹੋ ਇਕ ਦੂਜੀ ਨੂੰ ਛੁਰੀ।
ਖ਼ੂਨ ਨਾਲ ਮੇਰੀ ਦਾਸਤਾਂ ਹੈ ਭਰੀ।
ਚੋਰਾਂ ਅਤੇ ਡਾਕੂਆਂ ਤੋਂ ਰਹਿਨੀ ਆਂ ਡਰੀ।

ਸੱਚ ਕਹਿੰਦੀ ਕੁਰਸੀ ਸੱਚ ਕਹਿੰਦੀ ਕੁਰਸੀ।
ਆਦਮੀ ਤੋਂ ਕੀ ਕੀ ਨਹੀਂ ਕਰਾਉਂਦੀ ਕੁਰਸੀ।
ਦੋਸਤੀ ਦੀ ਲਾਸ਼ ਤੋਂ ਲੰਘਾਉਂਦੀ ਕੁਰਸੀ।
ਖ਼ੂਨ ਹੱਕਦਾਰਾਂ ਦਾ ਵਜਾਉਂਦੀ ਕੁਰਸੀ।

ਰੋ ਰਿਹਾ ਏ ਯਾਦ ਕਰ ਕੇ ਕਤਲ ਇਤਬਾਰ ਨੂੰ।
ਦੇਖ ਲਓ ਮਨਾਫ਼ਕਤ ਚੁੰਮਦੀ ਏ ਮਜ਼ਾਰ ਨੂੰ।
ਐਵੇਂ ਕਦੋਂ ਏਥੇ ਹੱਥ ਆਉਂਦੀ ਕੁਰਸੀ।

ਖ਼ੂਨ ਵਿਚ ਭਿੱਜੀ ਹੋਈ, ਚਾਬੀ ਮੈਂ ਬਣਵਾ ਲਈ ਏ।
ਸੋਨੇ ਦਾ ਬਦਲ ਏਹਦਾ, ਅੰਦਰੋਂ ਇਹ ਕਾਲੀ ਏ।
ਫੇਰ ਵੀ ਜ਼ਮਾਨਾ ਇਹਦਾ, ਕਦੋਂ ਦਾ ਸਵਾਲੀ ਏ।
ਆਦਮੀ ਤੋਂ ਕੀ ਕੀ ਨਹੀਂ ਕਰਵਾਉਂਦੀ ਕੁਰਸੀ।
ਦੋਸਤੀ ਦੀ ਲਾਸ਼ ਤੋਂ ਲੰਘਾਉਂਦੀ ਕੁਰਸੀ।
ਸੱਚ ਕਹਿੰਦੀ ਕੁਰਸੀ, ਸੱਚ ਕਹਿੰਦੀ ਕੁਰਸੀ।

ਆਪਣੀ ਧੀ ਨੂੰ

(ਜੇਲ੍ਹ ਵਿਚ ਮੁਲਾਕਾਤ ਤੋਂ ਬਾਅਦ)

ਕਹਿ ਨਹੀਂ ਸਕੀ
ਪਰ ਕਹਿੰਦੀ ਹੈ।
ਮੈਨੂੰ ਮੇਰੀ ਨੰਨੀ ਬੱਚੀ
ਅੱਬਾ ਘਰ ਚੱਲ
ਅੱਬਾ ਚੱਲ ਘਰ।
ਉਸ ਦੀ ਸਮਝ 'ਚ ਕੁਝ ਨਹੀਂ ਆਉਂਦਾ
ਮੈਂ ਕਿਉਂ ਜੇਲ੍ਹ 'ਚ ਰਹਿ ਜਾਂਦਾ ਹਾਂ
ਕਿਉਂ ਨਹੀਂ ਓਸ ਦੇ ਨਾਲ ਮੈਂ ਜਾਂਦਾ
ਕਿੱਦਾਂ ਨੰਨ੍ਹੀ ਨੂੰ ਸਮਝਾਵਾਂ
ਘਰ ਵੀ ਤਾਂ ਇਕ ਜੇਲ੍ਹ ਜਿਹਾ ਹੈ।

(õ¯à ñÖêå Ü¶ñ·, ñÅÔ½ð)
¹ðçÈ ÓÚ¯ Áé¹òÅç

ਸੜਕ ਵਿਚਕਾਰ

ਵੱਡਾ ਬਣਿਆ ਫਿਰਦਾ 'ਜਾਲਿਬ',
ਕੁੱਟਿਆ ਸੜਕ ਵਿਚਕਾਰ।
ਗੋਲੀ ਖਾਧੀ, ਲਾਠੀ ਖਾਧੀ,
ਡਿੱਗਿਆ ਸੜਕ ਵਿਚਕਾਰ।

ਕਦੇ ਤੇ ਕੁੜਤਾ ਲੀਰਾਂ ਹੋਇਆ
ਕਦੇ ਤੇ ਡੁੱਲ੍ਹਿਆ ਖ਼ੂਨ
ਸਾਨੂੰ ਮਿਲੇ ਇਨਾਮ ਸੁਖ਼ਨ ਦੇ
ਖ਼ੂਬ ਸੜਨ ਵਿਚਕਾਰ।

ਪਿੰਡੇ ਤੇ ਲੱਗੇ ਜਿਹੜੇ
ਜ਼ਖ਼ਮ ਅਸਾਡੇ ਤਗਮੇਂ,
ਮਿਲੀ ਅਜੇਹੀ ਦਾਦ ਵਫ਼ਾ ਦੀ
ਕਿਹਨੂੰ ਸੜਕ ਵਿਚਕਾਰ।

(Á½ðå ç¶ Ü¬ î¶ Ô¯Â¶ ñÅá ÚÅðÜ î¶)

ਸੱਚ ਹੀ ਲਿਖਦੇ ਜਾਣਾ

ਦੇਣਾ ਪਵੇ ਕੁਝ ਵੀ ਹਰਜਾਨਾ,
ਸੱਚ ਹੀ ਲਿਖਦੇ ਜਾਣਾ।
ਨਾ ਘਬਰਾਣਾ, ਨਾ ਘਬਰਾਣਾ,
ਸੱਚ ਹੀ ਲਿਖਦੇ ਜਾਣਾ।

ਕੁਫ਼ਰ ਦੀਆਂ ਮੂੰਹ-ਜ਼ੋਰ ਹਵਾਵਾਂ,
ਵਿਚ ਨਾ ਜੋ ਬੁਝ ਜਾਵੇ।
ਉਹ ਚਿਰਾਗ ਰੌਸ਼ਨ ਕਰ ਜਾਣਾ,
ਸੱਚ ਹੀ ਲਿਖਦੇ ਜਾਣਾ।

ਪਲ ਦੋ ਪਲ ਦੀ ਐਸ਼ ਦੀ ਖ਼ਾਤਰ,
ਕੀ ਦੱਬਣਾ, ਕੀ ਝੁਕਣਾ
ਆਖ਼ਰ ਹੈ ਸਭ ਨੇ ਮਰ ਜਾਣਾ,
ਸੱਚ ਹੀ ਲਿਖਦੇ ਜਾਣਾ

ਸਮਿਆਂ ਦੀ ਤਖ਼ਤੀ ਤੇ ਤੇਰਾ,
ਨਾਮ ਰਹੇਗਾ ਲਿਖਿਆ
ਜਾਲਿਬ ਸੱਚ ਦਾ ਦਮ ਭਰ ਜਾਣਾ,
ਸੱਚ ਹੀ ਲਿਖਦੇ ਜਾਣਾ।

(¹ðçÈ å¯ ê³ÜÅî ðÈê)

ਗ਼ਜ਼ਲ

ਦਿਲ ਦੀ ਗੱਲ ਲਿਆ ਕੇ ਮੂੰਹ ਤੇ,
ਹੁਣ ਤੱਕ ਵੀ ਦੁੱਖ ਸਹਿੰਦੇ ਨੇ।
ਸੁਣਿਆ ਸੀ ਆਪਾਂ ਇਸ ਬਸਤੀ,
ਦਿਲ ਵਾਲੇ ਵੀ ਰਹਿੰਦੇ ਨੇ।

ਲੰਘ ਗਿਆ ਹੈ ਸਾਉਣ ਮਹੀਨਾ,
ਰੁੱਤ ਨੇ ਨਜ਼ਰਾਂ ਫੇਰ ਲਈਆਂ।
ਐਪਰ ਇਹਨਾਂ ਅੱਖਾਂ ਵਿਚੋਂ,
ਹੁਣ ਤੱਕ ਹੰਝੂ ਵਹਿੰਦੇ ਨੇ।

ਇਕ ਸਾਨੂੰ 'ਅਵਾਰਾ' ਕਹਿਣਾ,
ਕੋਈ ਬੜਾ ਇਲਜ਼ਾਮ ਨਹੀਂ।
ਦੁਨੀਆਂ ਵਾਲੇ, ਦਿਲਵਾਲੇ ਨੂੰ,
ਹੋਰ ਬੜਾ ਕੁਝ ਕਹਿੰਦੇ ਨੇ।

ਜਿੰਨ੍ਹਾਂ ਲਈ ਮੈਂ ਸ਼ਹਿਰ ਸੀ ਛੱਡਿਆ,
ਜਿੰਨ੍ਹਾਂ ਲਈ ਬਦਨਾਮ ਹੋਏ।
ਅੱਜ ਉਹੀ ਕੁਝ ਬੇਗਾਨੇ ਜਹੇ,
ਬੇਗਾਨੇ ਜਹੇ ਰਹਿੰਦੇ ਨੇ।

ਉਹ ਜੋ ਏਸੇ ਰਾਹ ਦੇ ਉੱਤੋਂ,
ਪਾਟੇ ਲੀੜੇ, ਲੰਘਿਆ ਸੀ।
ਉਸ ਅਵਾਰਾ ਦੀਵਾਨੇ ਨੂੰ,
'ਜਾਲਿਬ' 'ਜਾਲਿਬ' ਕਹਿੰਦੇ ਨੇ।

(¹ðçÈ å¯ ê³ÜÅì ðÈê)

ਕੁਝ ਉਰਦੂ ਨਜ਼ਮਾਂ/ਗ਼ਜ਼ਲਾਂ

ਦੀਪ ਜਿਸ ਦਾ ਮਹੱਲਾਤ ਹੀ ਮੇਂ ਜਲੇ,
ਚੰਦ ਲੋਗੋਂ ਕੀ ਖ਼ੁਸ਼ੀਓਂ ਕੋ ਲੇ ਕਰ ਚਲੇ,
ਵੁਹ ਜੋ ਸਾਏ ਮੇਂ ਹਰ ਮਸਲਹਤ ਕੇ ਪਲੇ,
ਐਸੇ ਦਸਤੂਰ ਕੋ, ਸੁਬਾਹ ਬੇਨੂਰ ਕੋ,
ਮੈਂ ਨਹੀਂ ਮਾਨਤਾ- ਮੈਂ ਨਹੀਂ ਮਾਨਤਾ।

ਮੈਂ ਭੀ ਖਾਇਫ਼ ਨਹੀਂ ਤਖ਼ਤਦਾਰ ਸੇ,
ਮੈਂ ਭੀ ਮਨਸੂਰ ਹੂੰ ਕਹਿ ਦੋ ਅਗ਼ਯਾਰ ਸੇ,
ਕਿਓਂ ਡਰਾਤੇ ਹੋ ਜ਼ਿੰਦਾ ਕੀ ਦੀਵਾਰ ਸੇ,
ਜ਼ੁਲਮ ਕੀ ਬਾਤ ਕੋ, ਜੇਲ੍ਹ ਕੀ ਰਾਤ,
ਮੈਂ ਨਹੀਂ ਮਾਨਤਾ, ਮੈਂ ਨਹੀਂ ਮਾਨਤਾ।

ਫੂਲ ਸ਼ਾਖੋਂ ਪੇ ਖਿਲਨੇ ਲਗੇ, ਤੁਮ ਕਹੋ,
ਜਾਮ ਰਿੰਦੋ ਕੋ ਮਿਲਨੇ ਲਗੇ, ਤੁਮ ਕਹੋ,
ਚਾਕ ਸੀਨੋਂ ਕੇ ਸਿਲਨੇ ਲਗੇ ਤੁਮ ਕਹੋ,
ਇਸ ਖੁੱਲ੍ਹੇ ਝੂਟ ਕੋ, ਜ਼ਿਹਨ ਕੀ ਲੂਟ ਕੋ,
ਮੈਂ ਨਹੀਂ ਮਾਨਤਾ, ਮੈਂ ਨਹੀਂ ਮਾਨਤਾ।

ਤੁਮ ਨੇ ਲੂਟਾ ਹੈ ਸਦੀਓਂ ਹਮਾਰਾ ਸਕੂੰ,
ਅਬ ਨਾ ਹਮ ਪਰ ਚਲੇਗਾ ਤੁਮਾਰਾ ਫਸੂੰ,
ਚਾਰਾਗਰ ਮੈਂ ਤੁਮੇਂ ਕਿਸ ਤਰ੍ਹਾਂ ਸੇ ਕਹੂੰ,
ਤੁਮ ਨਹੀਂ ਚਾਰਾਗਰ ਕੋਈ ਮਾਨੇ, ਮਗਰ,
ਮੈਂ ਨਹੀਂ ਮਾਨਤਾ, ਮੈਂ ਨਹੀਂ ਮਾਨਤਾ।

✱

ਸੱਚ ਕਹਿ ਕੇ ਕਿਸੀ ਦੌਰ ਮੇਂ ਪਛਤਾਏ ਨਹੀਂ ਹਮ।
ਕਰਕਾਰ ਪੇ ਅਪਨੇ ਕਭੀ ਸ਼ਰਮਾਏ ਨਹੀਂ ਹਮ।

ਜਿੰਦਾਂ ਕੇ ਦਰੋ-ਬਾਮ ਹੈ ਦੇਰੀਨਾ-ਸ਼ਨਾਸਾ,
ਪਹੁੰਚ ਹੈ ਸਰੇ-ਦਾਰ ਤੋਂ ਘਬਰਾਏ ਨਹੀਂ ਹਮ।

✱

ਕੋਈ ਸ਼ਿਅਰ ਕਿਆ ਕੋਈ ਬਾਤ ਨਹੀਂ,
ਕਹਿਨੇ ਕਾ ਜਤਨ ਕਰਤੇ ਰਹਿਨਾ।
ਅਨਮੋਲ ਹੈ ਪਲ ਪਲ ਜੀਵਨ ਕਾ,
ਆਹੇਂ ਨਾ ਯੂੰਹੀ ਕਰਤੇ ਰਹਿਨਾ।

ਕੁਝ ਕਾਮ ਨਹੀਂ ਆਤੀ ਆਹੇ,
ਚਲਨੇ ਸੇ ਸਿਮਰਤੀ ਹੈ ਰਾਹੇ
ਤਕਦੀਰ ਪੇ ਕਿਆ ਤੁਹਮਤ ਯਾਰੋ,
ਬੈਠੇ ਬੈਠੋ ਧਰਤੇ ਰਹਿਨਾ।

ਸਰ ਡਲ ਕੇ ਚਲਤੇ ਰਹਿਨੇ ਸੇ
ਕੁਝ ਔਰ ਭੀ ਊਚੀ ਹੋਈ ਹੈ
ਦੀਵਾਰੇਂ ਤੋਂ ਦੀਵਾਰੇ ਹੈਂ,
ਦੀਵਾਰੋ ਸੇ ਕਿਆ ਡਰਤੇ ਰਹਿਨਾ।

ਦੁਨੀਆਂ ਕੋ ਅਗਰ ਸੁਲਝਾ ਲੇਂਗੇ,
ਹਰ ਮੰਜ਼ਿਲ ਕੋ ਹਮ ਪਾਲੇਂਗੇ
ਇਕ ਜ਼ੁਲਫ਼ ਕੇ ਗ਼ਮ ਮੇਂ ਕਿਹਾ
'ਜਾਲਿਬ' ਜੀਤੇ ਰਹਿਨਾ, ਮਰਤੇ ਰਹਿਨਾ।

✱

ਵੋਹ ਕਹਿ ਰਹੇ ਹੈਂ ਮੁਹੱਬਤ ਨਹੀਂ ਵਤਨ ਸੇ ਮੁਝੇ
ਲਿਖਾ ਰਹੇ ਹੈਂ ਮੁਹੱਬਤ ਮਸ਼ੀਨ ਗੰਨ ਸੇ ਮੁਝੇ

ਮੈਂ ਬੇਸ਼ਊਰ ਹੂੰ ਕਹਿਤਾ ਨਹੀਂ ਸਿਤਮ ਕੋ ਕਰਮ
ਯਹੀ ਖਿਤਾਬ ਮਿਲਾ ਉਨ ਕੀ ਅੰਜੁਮਨ ਸੇ ਮੁਝੇ

✱

ਝੁਕੇਗਾ ਜ਼ੁਲਮ ਕਾ ਪਰਚਮ ਯਕੀਨ ਆਜ ਭੀ ਹੈ।
ਮਿਰੇ ਖ਼ਿਆਲ ਕੀ ਦੁਆਂ ਹੁਸੀਨ ਆਜ ਭੀ ਹੈ।

ਬਹੁਤ ਹਵਾਏ ਚਲੀਂ, ਮੇਰਾ ਰੁਖ਼ ਬਦਲਨੇ ਕੋ,
ਮਗਰ ਨਿਗਾਹ ਮੇਂ ਵੁਹ ਸਰ ਜ਼ਮੀਨ ਆਜ ਭੀ ਹੈ।

ਸੁਹਬਤੋਂ ਨੇ ਸਫ਼ਰ ਮੇਂ ਹੈ ਕਾਰਵਾਨ ਹੁਸੀਨ,
ਯਜ਼ੀਦ ਚੈਨ ਸੇ ਮਸਜਦ-ਨਸ਼ੀਨ ਆਜ ਭੀ ਹੈ।

ਗ਼ਜ਼ਲ

ਹਮ ਹੀ ਜਬ ਆਏਂਗੇ ਤੋਂ ਬਨੇਗੀ ਬਾਤ ਮੀਆਂ।
ਵਰਨਾ ਰਹੇਂਗੇ ਦੁੱਖ ਕੇ ਯਹੀ ਹਾਲਾਤ ਮੀਆਂ।

ਅਬ ਨਾ ਬਹੇਂਗੇ ਆਂਸੂ, ਪਿਆਸੀ ਆਖੋਂ ਸੇ,
ਰੋ ਰੋ ਕਰ ਕਾਟੀ ਹੈ ਬਹੁਤ ਬਰਸਾਤ ਮੀਆਂ।

ਸੁਬ੍ਹਾ ਕੀ ਕਿਰਨੇ ਹਰ ਆਂਗਨ ਮੇਂ ਨਾਚੇਂਗੀ,
ਔਰ ਕੋਈ ਦਮ ਕੀ ਹੈ ਯੇ ਗ਼ਮ ਕੀ ਰਾਤ ਮੀਆਂ।

ਫਿਰ ਨਾ ਕਰੇਗਾ ਕੋਈ ਭੀ ਸ਼ਿਕਵਾ ਕਿਸਮ ਕਾ,
ਵਾਗ਼ ਡੋਰ ਆਏਗੀ ਜਬ ਅਪਨੇ ਹਾਥ ਮੀਆਂ।

ਦੁਖਿਆਰੋਂ ਕਾ ਰਾਜ ਅਬ ਆਨੇ ਵਾਲਾ ਹੈ,
ਹਰ ਜ਼ਾਲਿਮ ਕੀ ਹੋਗੀ ਬਾਜ਼ੀ ਮਾਤ ਮੀਆਂ।